Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steeles Ave. W. Unit 11, Etobicoke, ON

To view our online newspaper visit **punjabipost.ca/epaper** | Vol 20*Issue 115 | Thursday, June 10, 2021 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ ਸਕਦੇ ਹੋ

## ਇੱਕ ਵਿਅਕਤੀ ਦਾ ਕਤਲ ਕਰਨ ਤੇ ਚਾਰ ਹੋਰਨਾਂ ਨੂੰ ਜ਼ਖ਼ਮੀ ਕਰਨ ਦੇ ਮਾਮਲੇ ਵਿੱਚ 2 ਚਾਰਜ, ਇੱਕ ਦੀ ਭਾਲ ਜਾਰੀ

ਮਿਸੀਸਾਗਾ, 9 ਜੂਨ (ਪੋਸਟ ਬਿਊਰੋ) : ਇੱਕ 25 ਸਾਲਾ ਵਿਅਕਤੀ ਦਾ ਗੋਲੀ ਮਾਰ ਕੇ ਕਤਲ ਕਰਨ ਤੇ ਚਾਰ ਹੋਰਨਾਂ ਨੂੰ ਜ਼ਖ਼ਮੀ ਕਰਨ ਦੇ ਮਾਮਲੇ ਵਿੱਚ ਪੀਲ ਪੁਲਿਸ ਨੇ ਦੋ ਮਸ਼ਕੂਕਾਂ ਨੂੰ ਚਾਰਜ ਕੀਤਾ ਹੈ ਤੇ ਇੱਕ ਹੋਰ ਖਿਲਾਫ ਵਾਰੰਟ ਜਾਰੀ ਕੀਤੇ ਹਨ।



ਇਹ ਸੂਟਿੰਗ ਦੀ ਘਟਨਾ 29 ਮਈ ਨੂੰ ਸ਼ਾਮੀਂ 7:30 ਵਜੇ ਦੇ ਨੇੜੇ ਤੇੜੇ ਦ ਕਾਲਜਵੇਅ ਤੇ ਗਲੈਨ ਐਰਿਨ ਡਰਾਈਵ ਇਲਾਕੇ ਵਿੱਚ ਇੱਕ ਰੈਸਟੋਰੈਂਟ ਦੇ ਅੰਦਰ ਵਾਪਰੀ। ਜਾਂਚਕਾਰਾਂ ਦਾ ਕਹਿਣਾ ਹੈ ਕਿ ਇੱਕ ਮਸ਼ਕੂਕ ਰੈਸਟੋਰੈਂਟ ਦੇ ਅੰਦਰ ਦਾਖਲ ਹੋਇਆ ਤੇ ਉਸ ਨੇ ਅਮਲੇ ਉੱਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਰੈਸਟੋਰੈਂਟ ਦਾ 58 ਸਾਲਾ ਮਾਲਕ, ਉਸ ਦੀ 44 ਸਾਲਾ ਪਤਨੀ, 22 ਤੇ 25 ਸਾਲਾਂ ਦੇ ਦੋ ਲੜਕੇ ਤੇ 58 ਸਾਲਾ ਇੰਪਲੌਈ ਸਾਰੇ ਹੀ ਇਸ ਘਟਨਾ ਵਿੱਚ ਜ਼ਖ਼ਮੀ ਹੋ ਗਏ।

ਇਨ੍ਹਾਂ ਵਿੱਚੋਂ ਓਕਵਿੱਲ ਦੇ 25 ਸਾਲਾ ਨਾਇਮ ਆਕਲ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਚਾਰ ਹੋਰਨਾਂ ਨੂੰ ਟਰੌਮਾ ਸੈਂਟਰ ਲਿਜਾਇਆ ਗਿਆ ਜਿੱਥੇ ਉਨ੍ਹਾਂ ਨੂੰ ਬਚਾਅ ਲਿਆ ਗਿਆ। ਜਾਂਚ ਮਗਰੋਂ ਬਰੈਂਪਟਨ ਦੇ 31 ਸਾਲਾ ਨਕਸ਼ ਅੱਬਾਸੀ, ਮਿਸੀਸਾਗਾ ਦੇ 25 ਸਾਲਾ ਸੁਲੇਮਾਨ ਰਜ਼ਾ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਨ੍ਹਾਂ ਉੱਤੇ ਹਥਿਆਰਾਂ ਦੀ ਵਰਤੋਂ ਕਰਕੇ ਫਰਸਟ ਡਿਗਰੀ ਮਰਡਰ ਤੇ ਪੰਜ ਕਤਲ ਕਰਨ ਦੀ ਕੋਸ਼ਿਸ਼ ਕਰਨ ਦੇ ਮਾਮਲੇ ਦਰਜ ਕੀਤੇ ਗਏ ਹਨ।

ਮਿਸੀਸਾਗਾ ਦੇ ਹੀ ਇੱਕ ਹੋਰ 20 ਸਾਲਾ ਮਸ਼ਕੂਕ ਆਨੰਦ ਨਾਥ ਦੀ ਫਰਸਟ ਡਿਗਰੀ ਮਰਡਰ ਤੇ ਪੰਜ ਕਤਲ ਕਰਨ ਦੀ ਕੋਸ਼ਿਸ਼ ਕਰਨ ਦੇ ਮਾਮਲਿਆਂ ਵਿੱਚ ਭਾਲ ਕੀਤੀ ਜਾ ਰਹੀ ਹੈ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਉਹ ਮਾਂਟਰੀਅਲ ਵਿੱਚ ਹੈ। ਪੁਲਿਸ ਵੱਲੋਂ ਜਾਰੀ ਕੀਤੇ ਗਏ ਉਸ ਦੇ ਵੇਰਵੇ ਅਨੁਸਾਰ ਉਸ ਦੀ ਕੱਦ-ਕਾਠੀ ਦਰਮਿਆਨੀ, ਰੰਗ ਕਣਕਵਿੰਨ੍ਹਾ ਹੈ ਤੇ ਉਹ ਸਿਰੋਂ ਗੰਜਾ ਹੈ।

## ਮੁਸਲਿਮ ਪਰਿਵਾਰ ਦੇ ਸੋਗ ਸਮਾਰੋਹ ਵਿਚ ਟਰੂਡੋ, ਫੋਰਡ ਤੇ ਹੋਰਨਾਂ ਆਗੂਆਂ ਨੇ ਲਿਆ ਹਿੱਸਾ

ਟੋਰਾਂਟੋ, 9 ਜੂਨ (ਪੋਸਟ ਬਿਊਰੋ) : ਲੰਡਨ, ਓਨਟਾਰੀਓ ਵਿੱਚ ਮੰਗਲਵਾਰ ਸ਼ਾਮ ਨੂੰ ਮੁਸਲਮਾਨ ਪਰਿਵਾਰ ਲਈ ਰੱਖੇ ਗਏ ਵਿਜਿਲ ਵਿੱਚ ਪ੍ਰੀਮੀਅਰ ਡੱਗ ਫੋਰਡ ਨੇ ਵੀ ਹਿੱਸਾ ਲਿਆ। ਐਤਵਾਰ ਰਾਤ ਨੂੰ ਸੈਰ ਕਰਦੇ ਸਮੇਂ ਇਸ ਪਰਿਵਾਰ ਉੱਤੇ ਇੱਕ ਸਿਰਫਿਰੇ ਨੇ ਗੱਡੀ ਚੜ੍ਹਾ ਕੇ ਚਾਰ ਜੀਆਂ ਦੀ ਜਾਨ ਲੈ ਲਈ ਤੇ ਇਸੇ ਪਰਿਵਾਰ ਦਾ ਇੱਕ 9 ਸਾਲਾ ਬੱਚਾ ਹਸਪਤਾਲ ਵਿੱਚ ਜੇਰੇ ਇਲਾਜ ਹੈ। ਪੁਲਿਸ ਅਨੁਸਾਰ ਇਹ ਮਾਮਲਾ ਹੇਟ ਕ੍ਰਾਈਮ ਦਾ ਸੀ।





ਲੰਡਨ ਮੁਸਲਿਮ ਮਸਜਿਦ ਵਿੱਚ ਸੋਗ ਮਨਾਉਣ ਲਈ ਇੱਕਠੇ ਹੋਏ ਹਜ਼ਾਰਾਂ ਲੋਕਾਂ ਨੂੰ ਸੰਬੋਧਨ ਕਰਦਿਆਂ ਫੋਰਡ ਨੇ ਆਖਿਆ ਕਿ ਅਫਜ਼ਾਲ ਤੇ ਸਲਮਾਨ ਪਰਿਵਾਰਾਂ ਦੀ ਇਸ ਦੁੱਖ ਦੀ ਘੜੀ ਵਿੱਚ ਉਹ ਸੱਭ ਦੇ ਨਾਲ ਹਨ। ਉਨ੍ਹਾਂ ਆਖਿਆ ਕਿ ਇਸ ਤਰ੍ਹਾਂ ਦਾ ਨਸਲਵਾਦ ਤੇ ਅੱਤਵਾਦ ਬਰਦਾਸ਼ਤ ਨਹੀਂ ਕੀਤੇ ਜਾਣਗੇ। ਸਾਨੂੰ ਇਸ ਖਿਲਾਫ ਇੱਕਜੁੱਟ ਹੋਣਾ ਹੋਵੇਗਾ। ਇਸ ਤਰ੍ਹਾਂ ਦੇ ਕਾਰੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਜਾਣੀ ਚਾਹੀਦੀ ਹੈ। ਇਸ ਤਰ੍ਹਾਂ ਦੀ ਘਟਨਾ ਨੂੰ ਅੰਜਾਮ ਦੇਣ ਵਾਲੇ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਹੋਣੀ ਚਾਹੀਦੀ ਹੈ।

ਪਰਿਵਾਰ ਦੇ ਬੁਲਾਰੇ ਵੱਲੋਂ ਮੀਡੀਆ ਲਈ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਮ੍ਰਿਤਕਾਂ ਵਿੱਚ ਸਲਮਾਨ ਅਫਜ਼ਾਲ, ਉਨ੍ਹਾਂ ਦੀ ਪਤਨੀ ਮਦੀਹਾ ਸਲਮਾਨ, ਉਨ੍ਹਾਂ ਦੀ ਬੇਟੀ ਯੁਮਨਾ ਤੇ ਸਲਮਾਨ ਅਫਜ਼ਾਲ ਦੀ ਮਾਂ ਸ਼ਾਮਲ ਹਨ। ਫੋਰਡ ਵੱਲੋਂ ਇਹ ਟਿੱਪਣੀ ਉਸ ਸਮੇਂ ਕੀਤੀ ਗਈ ਜਦੋਂ ਪ੍ਰੋਵਿੰਸ ਨੇ ਆਰਜ਼ੀ ਤੌਰ ਉੱਤੇ ਲੰਡਨ, ਓਨਟਾਰੀਓ ਵਿੱਚ ਪਰਿਵਾਰ ਲਈ ਰੱਖੇ ਗਏ ਸੋਗ ਸਮਾਰੋਹ ਵਿੱਚ ਲੋਕਾਂ ਦੇ ਹਿੱਸਾ ਲੈਣ ਲਈ ਪਾਬੰਦੀਆਂ ਹਟਾ ਦਿੱਤੀਆਂ। ਇਸ ਮੌਕੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਹੋਰ ਫੈਡਰਲ ਆਗੂ, ਓਨਟਾਰੀਓ ਦੀ ਐਨ ਡੀ ਪੀ ਆਗੂ ਐਂਡਰੀਆ ਹੌਰਵਥ ਤੇ ਲਿਬਰਲ ਆਗੂ ਸਟੀਵਨ ਡੈਲ ਡੂਕਾ ਵੀ ਹਾਜ਼ਰ ਹੋਏ।

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

## ਟੀ ਸੀ ਐਨਰਜੀ ਨੇ ਕੀਅਸਟੋਨ ਐਕਸਐਲ ਪਾਈਪ ਲਾਈਨ ਪ੍ਰਾਜੈਕਟ ਖ਼ਤਮ ਕਰਨ ਦਾ ਕੀਤਾ ਐਲਾਨ

ਐਡਮੰਟਨ, 9 ਜੂਨ (ਪੋਸਟ ਬਿਊਰੋ) : ਅਲਬਰਟਾ ਦੇ ਟੀ ਸੀ ਐਨਰਜੀ ਵੱਲੋਂ ਕੀਅਸਟੋਨ ਐਕਸਐਲ ਪ੍ਰੋਜੈਕਟ ਨੂੰ ਰਸਮੀ ਤੌਰ ਉੱਤੇ ਖਤਮ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਅਸਫਲ ਪਾਈਪਲਾਈਨ ਉੱਤੇ ਪ੍ਰੋਵਿੰਸ ਦਾ ਫਾਈਨਲ ਖਰਚਾ 1.3 ਬਿਲੀਅਨ ਡਾਲਰ ਹੋਇਆ।



ਜਨਵਰੀ ਵਿੱਚ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਕੀਅਸਟੋਨ ਐਕਸਐਲ ਪਾਈਪਲਾਈਨ ਦੇ ਪਰਮਿਟ ਨੂੰ ਖਾਰਜ ਕੀਤੇ ਜਾਣ ਤੋਂ ਬਾਅਦ ਹੁਣ ਅਲਬਰਟਾ ਸਰਕਾਰ ਨੇ ਵੀ ਇਸ ਪਾਈਪਲਾਈਨ ਤੋਂ ਆਪਣੇ ਹੱਥ ਪਿੱਛੇ ਖਿੱਚ ਲਏ ਹਨ। ਇੱਕ ਨਿਊਜ਼ ਰਲੀਜ਼ ਵਿੱਚ ਟੀ ਸੀ ਐਨਰਜੀ ਨੇ ਆਖਿਆ ਕਿ ਉਨ੍ਹਾਂ ਅਲਬਰਟਾ ਸਰਕਾਰ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਹੀ ਇਸ ਪ੍ਰੋਜੈਕਟ ਨੂੰ ਖ਼ਤਮ ਕਰਨ ਦਾ ਫੈਸਲਾ ਕੀਤਾ ਹੈ।

ਇੱਕ ਰਲੀਜ਼ ਵਿੱਚ ਅਲਬਰਟਾ ਦੇ ਪ੍ਰੀਮੀਅਰ ਜੇਸਨ ਕੇਨੀ ਨੇ ਆਖਿਆ ਕਿ ਕੀਅਸਟੋਨ ਐਕਸਐਲ ਪ੍ਰੋਜੈਕਟ ਜਿਹੋ ਜਿਹੇ ਹਾਲਾਤ ਵਿੱਚੋਂ ਲੰਘ ਰਿਹਾ ਸੀ ਉਸ ਤੋਂ ਅਸੀਂ ਪਰੇਸ਼ਾਨ ਤੇ ਨਿਰਾਸ਼ ਹੋ ਚੁੱਕੇ ਸੀ। ਰਾਸ਼ਟਰਪਤੀ ਬਾਇਡਨ ਵੱਲੋਂ ਇਸ ਪ੍ਰੋਜੈਕਟ ਨੂੰ ਪਰਮਿਟ ਨਾ ਦੇਣ ਨਾਲ ਇਹ ਸਮੱਸਿਆ ਹੋਰ ਵੱਧ ਗਈ। ਉਨ੍ਹਾਂ ਆਖਿਆ ਕਿ ਅਸੀਂ ਆਪਣੇ ਅਮਰੀਕੀ ਭਾਈਵਾਲਾਂ ਨਾਲ ਰਲ ਕੇ ਇਹ ਯਕੀਨੀ ਬਣਾਵਾਂਗੇ ਕਿ ਉਨ੍ਹਾਂ ਦੀਆਂ ਐਨਰਜੀ ਸਬੰਧੀ ਮੰਗਾਂ ਨੂੰ ਅਸੀਂ ਜ਼ਿੰਮੇਵਾਰਾਨਾ ਢੰਗ ਤਰੀਕਿਆਂ ਤੇ ਟਰਾਂਸਪੋਰਟੇਸ਼ਨ ਰਾਹੀਂ ਪੂਰਾ ਕਰ ਸਕੀਏ।

## ਜੂਨ ਵਿੱਚ ਕੈਨੇਡਾ ਨੂੰ ਮਿਲੇਗੀ ਮੌਡਰਨਾ ਵੈਕਸੀਨ ਦੀ 7 ਮਿਲੀਅਨ ਡੋਜ਼



ਓਟਵਾ, 9 ਜੂਨ (ਪੋਸਟ ਬਿਊਰੋ) : ਮੌਡਰਨਾ ਵੈਕਸੀਨ ਦੀ ਖੇਪ ਕੈਨੇਡਾ ਨੂੰ ਦੇਣ ਦੇ ਸ਼ਡਿਊਲ ਸਬੰਧੀ ਕਈ ਹਫਤਿਆਂ ਤੱਕ ਚੱਲੀ ਗੱਲਬਾਤ ਤੋਂ ਬਾਅਦ ਫੈਡਰਲ ਸਰਕਾਰ ਨੇ ਬੁੱਧਵਾਰ ਨੂੰ ਐਲਾਨ ਕੀਤਾ ਕਿ ਇਸ ਵੈਕਸੀਨ ਦੀਆਂ 7 ਮਿਲੀਅਨ ਡੋਜ਼ਾਂ ਜੂਨ ਵਿੱਚ ਮਿਲਣਗੀਆਂ ਤੇ ਇਹ ਸਪਲਾਈ ਅਗਲੇ ਹਫਤੇ ਤੋਂ ਸ਼ੁਰੂ ਹੋ ਜਾਵੇਗੀ।

ਪ੍ਰੋਕਿਓਰਮੈਂਟ ਮੰਤਰੀ ਅਨੀਤਾ ਆਨੰਦ ਨੇ ਆਖਿਆ ਕਿ ਇਸ ਖੇਪ ਵਿੱਚ ਪਹਿਲੀ ਵਾਰੀ ਮੌਡਰਨਾ ਦੀ ਯੂ ਐਸ ਸਪਲਾਈ ਚੇਨ ਤੋਂ ਡੋਜ਼ਾਂ ਹਾਸਲ ਹੋਣਗੀਆਂ। ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਅਮਰੀਕਾ ਦੀ ਸਪਲਾਈ ਚੇਨ ਤੋਂ ਇਲਾਵਾ ਕੁੱਝ ਹੋਰ ਰੈਗੂਲੇਟਰੀ ਤੇ ਲਾਜਿਸਟਿਕਲ ਮੁੱਦੇ ਹਨ ਜਿਨ੍ਹਾਂ ਵੱਲ ਧਿਆਨ ਦੇਣ ਦੀ ਲੋੜ ਹੈ।

ਉਨ੍ਹਾਂ ਆਖਿਆ ਕਿ ਇੱਕ ਵਾਰੀ ਅਜਿਹੇ ਮੁੱਦੇ ਹੱਲ ਹੋ ਜਾਣ ਤਾਂ ਅਗਲੇ ਹਫਤੇ ਅਸੀਂ ਹੋਰ ਖੇਪ ਦੇ ਕੈਨੇਡਾ ਪਹੁੰਚਣ ਲਈ ਤਰੀਕਾਂ ਬਾਰੇ ਤੇ ਕਿੰਨੀ ਮਾਤਰਾ ਵਿੱਚ ਵੈਕਸੀਨ ਪਹੁੰਚੇਗੀ ਇਸ ਬਾਰੇ ਤਫਸੀਲ ਨਾਲ ਦੱਸ ਸਕਾਂਗੇ।

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL (Government Approved Licensed Technician)
416 938 4598

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma Open Saturday
25 Cherrycrest Drive, Unit # 6 Brampton, ON, L6P 3W4
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
10GB
$50/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 10GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਹੋਟਲ ਸਟੇਅ ਖ਼ਤਮ ਕਰਨ ਜਾ ਰਹੀ ਹੈ ਫੈਡਰਲ ਸਰਕਾਰ !

ਓਟਵਾ, 9 ਜੂਨ (ਪੋਸਟ ਬਿਊਰੋ) : ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾ ਚੁੱਕੇ ਕੈਨੇਡੀਅਨਜ਼ ਖੁਦ ਨੂੰ 14 ਦਿਨਾਂ ਲਈ ਆਈਸੋਲੇਟ ਕੀਤੇ ਬਿਨਾਂ ਦੇਸ਼ ਤੋਂ ਬਾਹਰ ਟਰੈਵਲ ਕਰਨ ਜਾਂ ਦੇਸ਼ ਪਰਤਣ ਉਪਰੰਤ ਹੋਟਲ ਵਿੱਚ ਕੁਆਰਨਟੀਨ ਕੀਤੇ ਬਿਨਾਂ ਟਰੈਵਲ ਕਰ ਸਕਣਗੇ। ਇਹ ਸਿਲਸਿਲਾ ਜੁਲਾਈ ਤੋਂ ਸ਼ੁਰੂ ਹੋ ਸਕਦਾ ਹੈ।



ਸਿਹਤ ਮੰਤਰੀ ਪੈਟੀ ਹਾਜ਼ਦੂ ਵੱਲੋਂ ਬੁੱਧਵਾਰ ਨੂੰ ਫੈਡਰਲ ਸਰਕਾਰ ਦੇ ਮਹਾਂਮਾਰੀ ਸਬੰਧੀ ਸਰਹੱਦੀ ਪਾਬੰਦੀਆਂ ਵਿੱਚ ਪੜਾਅਵਾਰ ਢਿੱਲ ਦੇਣ ਦੇ ਫੈਸਲੇ ਦਾ ਐਲਾਨ ਕੀਤਾ ਗਿਆ। ਇਨ੍ਹਾਂ ਪਾਬੰਦੀਆਂ ਵਿੱਚ ਲੱਗਭਗ ਇੱਕ ਸਾਲ ਤੋਂ ਬਾਅਦ ਢਿੱਲ ਦੇਣ ਦੀ ਤਿਆਰੀ ਕੀਤੀ ਜਾ ਰਹੀ ਹੈ। ਲਾਜ਼ਮੀ ਹੋਟਲ ਕੁਆਰਨਟੀਨ ਨੂੰ ਖ਼ਤਮ ਕਰਨ ਤੇ ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾ ਚੁੱਕੇ ਕੈਨੇਡੀਅਨਾਂ ਨੂੰ ਘੁੰਮਣ ਫਿਰਨ ਦੀ ਖੁੱਲ੍ਹ ਦੇਣ ਦੀ ਮੰਗ ਉੱਠਣ ਤੋਂ ਬਾਅਦ ਇਹ ਫੈਸਲਾ ਲਿਆ ਗਿਆ ਹੈ। ਇਹ ਤਬਦੀਲੀਆਂ ਕਿਸ ਹੱਦ ਤੱਕ ਹਕੀਕਤ ਦਾ ਰੂਪ ਧਾਰਨ ਕਰਨਗੀਆਂ ਇਸ ਦਾ ਪਤਾ ਆਉਣ ਵਾਲੇ ਦਿਨਾਂ ਉੱਤੇ ਨਿਰਭਰ ਕਰੇਗਾ ਜਦੋਂ ਨਵੇਂ ਕੇਸਾਂ ਦੀ ਗਿਣਤੀ ਵਿੱਚ ਕੋਈ ਵਾਧਾ ਦਰਜ ਨਹੀਂ ਕੀਤਾ ਜਾਵੇਗਾ ਤੇ ਵੈਕਸੀਨੇਸ਼ਨ ਦੀ ਦਰ ਵਿੱਚ ਵੀ ਵਾਧਾ ਹੋ ਜਾਵੇਗਾ।

ਹਾਜ਼ਦੂ ਨੇ ਆਖਿਆ ਕਿ ਇਹ ਮਾਪਦੰਡ ਬਹੁਤ ਹੀ ਜ਼ਰੂਰੀ ਹਨ ਤੇ ਜੇ ਅਸੀਂ ਆਪਣੀਆਂ ਕਮਿਊਨਿਟੀਜ਼ ਨੂੰ ਸੁਰੱਖਿਅਤ ਤੇ ਕੋਵਿਡ ਮੁਕਤ ਰੱਖ ਸਕੇ ਤਾਂ ਸਾਨੂੰ ਪਹਿਲਾਂ ਵਾਲੀਆਂ ਸਖਤੀਆਂ ਨਹੀਂ ਕਰਨੀਆਂ ਪੈਣਗੀਆਂ। ਜਿਨ੍ਹਾਂ ਟਰੈਵਲਰਜ਼ ਨੇ ਕੈਨੇਡਾ ਆਉਣ ਤੋਂ 14 ਦਿਨ ਪਹਿਲਾਂ ਆਪਣੀ ਵੈਕਸੀਨੇਸ਼ਨ ਮੁਕੰਮਲ ਕਰਵਾ ਲਈ ਹੋਵੇਗੀ ਉਸ ਨੂੰ ਹੀ ਸਰਕਾਰ ਪੂਰੀ ਤਰ੍ਹਾਂ ਵੈਕਸੀਨੇਟ ਹੋਇਆ ਮੰਨੇਗੀ। ਯੋਗ ਟਰੈਵਲਰਜ਼ ਉਹ ਹੋਣਗੇ ਜਿਨ੍ਹਾਂ ਨੇ ਦੇਸ਼ ਵਿੱਚ ਅਧਿਕ੍ਰਿਤ ਕੋਵਿਡ-19 ਵੈਕਸੀਨ, ਜਿਵੇਂ ਕਿ ਫਾਈਜ਼ਰ ਬਾਇਓਐਨਟੈਕ, ਮੌਡਰਨਾ, ਐਸਟ੍ਰਾਜ਼ੈਨੇਕਾ ਜਾਂ ਜੌਹਨਸਨ ਐਂਡ ਜੌਹਨਸਨ ਦੀ ਵੈਕਸੀਨ ਦੀਆਂ ਪੂਰੀਆਂ ਡੋਜ਼ਾਂ ਲਵਾਈਆਂ ਹੋਣਗੀਆਂ। ਹਾਲਾਂਕਿ ਜੌਹਨਸਨ ਐਂਡ ਜੌਹਨਸਨ ਦੀ ਇੱਕ ਡੋਜ਼ ਵੀ ਦੇਸ਼ ਵਿੱਚ ਕਿਸੇ ਨੂੰ ਨਹੀਂ ਲਾਈ ਗਈ।

ਇਨ੍ਹਾਂ ਟਰੈਵਲਰਜ਼ ਨੂੰ ਡਿਪਾਰਚਰ ਤੋਂ ਪਹਿਲਾਂ ਪੀ ਸੀ ਆਰ ਟੈਸਟ ਦਿਖਾਉਣਾ ਹੋਵੇਗਾ ਤੇ ਕੈਨੇਡਾ ਪਹੁੰਚਣ ਉੱਤੇ ਕੋਵਿਡ-19 ਟੈਸਟ ਕਰਵਾਉਣਾ ਹੋਵੇਗਾ। ਕੈਨੇਡਾ ਪਹੁੰਚਣ ਵਾਲੇ ਟਰੈਵਲਰਜ਼ ਨੂੰ ਆਪਣੇ ਇੱਥੋਂ ਵਾਲੇ ਟੈਸਟ ਦੇ ਨੈਗੇਟਿਵ ਆਉਣ ਤੱਕ ਖੁਦ ਨੂੰ ਆਈਸੋਲੇਟ ਕਰਨਾ ਹੋਵੇਗਾ।

# ਤੀਜੀ ਪਾਰਟੀ ਵੱਲੋਂ ਕੀਤੇ ਜਾਣ ਵਾਲੇ ਖਰਚਿਆਂ ਸਬੰਧੀ ਫੋਰਡ ਸਰਕਾਰ ਦੇ ਫੈਸਲੇ ਨੂੰ ਜੱਜ ਨੇ ਦੱਸਿਆ ਗੈਰ ਸੰਵਿਧਾਨਕ

ਟੋਰਾਂਟੋ, 9 ਜੂਨ (ਪੋਸਟ ਬਿਊਰੋ) : ਓਨਟਾਰੀਓ ਦੇ ਜੱਜ ਨੇ ਤੀਜੀ ਪਾਰਟੀ ਦੇ ਚੋਣ ਕੈਂਪੇਨ ਦੌਰਾਨ ਇਸ਼ਤਿਹਾਰਾਂ ਉੱਤੇ ਕੀਤੇ ਜਾਣ ਵਾਲੇ ਖਰਚੇ ਦੀ ਮਿਆਦ ਸਬੰਧੀ ਪ੍ਰੀਮੀਅਰ ਡੱਗ ਫੋਰਡ ਵੱਲੋਂ ਰੱਖੀ ਗਈ ਤਜਵੀਜ਼ ਰੱਦ ਕਰ ਦਿੱਤੀ ਹੈ। ਉਨ੍ਹਾਂ ਆਖਿਆ ਕਿ ਇਸ ਸਬੰਧੀ ਕਾਨੂੰਨ ਵਿੱਚ ਕੀਤੀਆਂ ਜਾਣ ਵਾਲੀਆਂ ਤਬਦੀਲੀਆਂ ਗੈਰ ਸੰਵਿਧਾਨਕ ਹਨ।

ਐਜੂਕੈਸ਼ਨ ਯੂਨੀਅਨ ਦੇ ਇੱਕ ਗਰੁੱਪ ਨੇ ਇਹ ਤਰਕ ਦਿੱਤਾ ਸੀ ਕਿ ਇਲੈਕਸ਼ਨ ਫਾਇਨਾਂਸਿਜ਼ ਐਕਟ ਵਿੱਚ ਕਿਸੇ ਤਰ੍ਹਾਂ ਦੀ ਤਬਦੀਲੀ ਦਾ ਉਨ੍ਹਾਂ ਦੇ ਅਧਿਕਾਰਾਂ ਤੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਉੱਤੇ ਨਕਾਰਾਤਮਕ ਅਸਰ ਪੈ ਸਕਦਾ ਹੈ। ਇਸ ਗਰੁੱਪ ਨੇ ਇਹ ਵੀ ਆਖਿਆ ਸੀ ਕਿ ਨੇੜ ਭਵਿੱਖ ਵਿੱਚ ਪ੍ਰੋਵਿੰਸ਼ੀਅਲ ਚੋਣਾਂ ਵੀ ਹੋਣੀਆਂ ਹਨ ਤੇ ਅਜਿਹੇ ਵਿੱਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਉਨ੍ਹਾਂ ਦੇ ਅਧਿਕਾਰ ਦੀ ਉਲੰਘਣਾ ਹੋਵੇਗੀ।



ਜ਼ਿਕਰਯੋਗ ਹੈ ਕਿ ਸਰਕਾਰ ਨੇ ਪਿੱਛੇ ਜਿਹੇ ਪਾਬੰਦੀਸ਼ੁਦਾ ਚੋਣਾਂ ਤੋਂ ਪਹਿਲਾਂ ਵਾਲੇ ਖਰਚਿਆਂ ਦੇ ਅਰਸੇ ਨੂੰ ਦੁੱਗਣਾ ਕਰਕੇ 12 ਮਹੀਨੇ ਕੀਤਾ ਹੈ ਪਰ ਤੀਜੀ ਪਾਰਟੀ ਦੀ ਸਿਆਸੀ ਇਸ਼ਤਿਹਾਰਬਾਜ਼ੀ ਦੀ ਮਿਆਦ ਪਹਿਲਾਂ ਵਾਂਗ 600,000 ਡਾਲਰ ਹੀ ਰੱਖੀ ਗਈ ਹੈ। ਇਨ੍ਹਾਂ ਤਬਦੀਲੀਆਂ, ਜੋ ਕਿ ਮਈ ਵਿੱਚ ਕੀਤੀਆਂ ਗਈਆਂ, ਬਾਰੇ ਅਟਾਰਨੀ ਜਨਰਲ ਨੇ ਆਖਿਆ ਕਿ ਇਹ ਤਬਦੀਲੀਆਂ ਬਾਹਰੀ ਪ੍ਰਭਾਵ ਤੋਂ ਜਮਹੂਰੀਅਤ ਨੂੰ ਬਚਾਉਣ ਲਈ ਜ਼ਰੂਰੀ ਸਨ।

ਪਰ ਓਨਟਾਰੀਓ ਦੀ ਸਰਬਉੱਚ ਅਦਾਲਤ ਦੇ ਜੱਜ ਐਡਵਰਡ ਮੌਰਗਨ ਨੇ ਮੰਗਲਵਾਰ ਨੂੰ ਫੈਸਲਾ ਸੁਣਾਉਂਦਿਆਂ ਆਖਿਆ ਕਿ ਖਰਚਿਆਂ ਲਈ 12 ਮਹੀਨਿਆਂ ਦਾ ਸਮਾਂ ਤੈਅ ਕਰਨ ਦੀ ਕੋਈ ਲੋੜ ਨਹੀਂ ਸੀ। ਉਨ੍ਹਾਂ ਆਖਿਆ ਕਿ ਸਾਬਕਾ ਲਿਬਰਲ ਸਰਕਾਰ ਵੱਲੋਂ ਇਸ ਕੰਮ ਲਈ ਮਿਥੇ ਗਏ ਛੇ ਮਹੀਨੇ ਦੇ ਅਰਸੇ ਨਾਲ ਵੀ ਮਕਸਦ ਹੱਲ ਹੁੰਦਾ ਸੀ। ਮੌਰਗਨ ਨੇ ਮੌਜੂਦਾ ਸਰਕਾਰ ਦੇ ਇਸ ਸਬੰਧੀ ਫੈਸਲੇ ਨੂੰ ਫੌਰੀ ਪ੍ਰਭਾਵ ਨਾਲ ਰੱਦ ਕਰ ਦਿੱਤਾ।

# ਯੰਗ ਡੰਡਾਸ ਸਕੁਏਅਰ ਨੇੜੇ ਛੁਰੇਬਾਜ਼ੀ ਦੀ ਘਟਨਾ ਵਿੱਚ ਮਹਿਲਾ ਜ਼ਖ਼ਮੀ

ਟੋਰਾਂਟੋ, 9 ਜੂਨ (ਪੋਸਟ ਬਿਊਰੋ) : ਬੁੱਧਵਾਰ ਰਾਤ ਨੂੰ ਡਾਊਨਟਾਊਨ ਟੋਰਾਂਟੋ ਵਿੱਚ ਵਾਪਰੀ ਛੁਰੇਬਾਜ਼ੀ ਦੀ ਇੱਕ ਘਟਨਾ ਵਿੱਚ ਇੱਕ ਮਹਿਲਾ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਈ ਤੇ ਉਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਐਮਰਜੰਸੀ ਅਮਲੇ ਨੇ ਦੱਸਿਆ ਕਿ ਉਨ੍ਹਾਂ ਨੂੰ ਡੰਡਾਸ ਤੇ ਵਿਕਟੋਰੀਆ ਸਟਰੀਟ ਇਲਾਕੇ ਤੋਂ ਰਾਤੀਂ 7:40 ਉੱਤੇ ਕਾਲ ਆਈ। ਆਫੀਸਰਜ਼ ਨੇ ਦੱਸਿਆ ਕਿ ਮੌਕੇ ਉੱਤੇ ਪਹੁੰਚਣ ਉੱਤੇ ਉਨ੍ਹਾਂ ਨੂੰ ਇੱਕ ਮਹਿਲਾ ਗੰਭੀਰ ਜ਼ਖ਼ਮੀ ਹਾਲਤ ਵਿੱਚ ਮਿਲੀ। ਉਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਜਿੱਥੇ ਉਹ ਜੇਰੇ ਇਲਾਜ ਹੈ। ਉਸ ਦੀ ਹਾਲਤ ਵੀ ਸਥਿਰ ਦੱਸੀ ਜਾਂਦੀ ਹੈ। ਇਹ ਜਾਣਕਾਰੀ ਟੋਰਾਂਟੋ ਪੈਰਾਮੈਡਿਕਸ ਸਰਵਿਸਿਜ਼ ਨੇ ਦਿੱਤੀ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਦੇ ਮੌਕੇ ਉੱਤੇ ਪਹੁੰਚਣ ਤੋਂ ਪਹਿਲਾਂ ਹੀ ਮਸ਼ਕੂਕ ਉੱਥੋਂ ਫਰਾਰ ਹੋ ਚੁੱਕਿਆ ਸੀ। ਅਜੇ ਤੱਕ ਪੁਲਿਸ ਵੱਲੋਂ ਮਸ਼ਕੂਕ ਸਬੰਧੀ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca



ukttc UK TRUCK TRAINING CENTRE PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936



Jas Toor
Sales Repersentative
Sutton Group-Realty Experts Brokerage*
Independently Owned and Operated.
Call Now: (647)-242-8667
Email- RealtorJasToor@gmail.com

Jagdish Grewal
Sales Repersentative
Century 21 President Realty Inc Brokerage*
Independently Owned and Operated.
Call Now: (416)-970-5005
Email- Jagdish@grewalhomes.com

Caledon
Exclusive Gas Station
Located on very busy road
3 way auto garage + convenience store,1 ਏਕੜ ਦੀ commercial lot ਹੋਰ ਵਧੇਰੇ ਜਾਣਕਾਰੀ ਲਈ ਅੱਜ ਹੀ ਸੰਪਰਕ ਕਰੋ.

Caledon
2.5 ਏਕੜ ਵਿੱਚ ਬਣਿਆ 2 storey ਘਰ , 3500 sq ft. , $5500 ਕਿਰਾਏ ਤੇ ਚੜ੍ਹਿਆ ਹੋਇਆ, offered at very reasonable price.

Mayfield & Gore Road
ਦੇ ਨਜ਼ਦੀਕ 9 ਏਕੜ ਦੀ beautiful clean land with beautiful bunglow available for sale. Lots of future potential.

Caledon
Airport road ਤੇ 500 ft ਦੀ frontage ਵਾਲੇ 10 ਏਕੜ ਜ਼ਮੀਨ 3500 sq.ft. bunglow with walkout basement Motivated Seller.

Caledon
ਵਿੱਚ 5 ਏਕੜ, Main Highway and Main Street ਤੇ corner lot, House and Shop included, Lots of potential
ਸ਼ੋਪ ਅਤੇ ਘਰ ਕਿਰਾਏ ਤੇ ਚੜ੍ਹਿਆ ਹੋਇਆ.

Free Market Evaluation
-Buy
-Sell
-Invest
Call Now:(647) 242-8667
(416) 970-5005

## ਅੱਜ ਨਾਮਾ

ਮੁੱਕ ਗਿਆ ਜਦੋਂ ਬੰਗਾਲ ਦਾ ਚੋਣ-ਚੱਕਰ,
ਦੂਸਰੇ ਥਾਂਈਂ ਪਿਆ ਚੱਲ ਘਮਸਾਣ ਬੇਲੀ।
ਭਿੜਦੇ ਫਿਰਦੇ ਪੰਜਾਬ ਵਿੱਚ ਕਾਂਗਰਸੀਏ,
ਡਟ ਗਏ ਤੀਰ-ਬੰਦੂਕਾਂ ਉਹ ਤਾਣ ਬੇਲੀ।
ਕਾਂਗਰਸ ਬਾਰੇ ਕਈ ਤਿੱਖੀਆਂ ਹੋਰ ਖਬਰਾਂ,
ਜਿਹੜੀਆਂ ਯੋਗੀ ਦੇ ਰਾਜ ਤੋਂ ਆਣ ਬੇਲੀ।
ਰਿਸ਼ਤੇ ਪੀੜ੍ਹੀਆਂ ਦੇ ਭੁੱਲ ਕੇ ਕਾਂਗਰਸੀਏ,
ਲੱਗ ਪਏ ਭਾਜਪਾ ਵੱਲ ਕਈ ਜਾਣ ਬੇਲੀ।
ਕਿਹਾ ਸੀ ਮੋਦੀ ਨੇ ਕਦੀ ਇਹ ਵੇਖਦੇ ਰਹੋ,
ਭਾਰਤ ਕਰੂੰਗਾ ਮੈਂ ਕਾਂਗਰਸ-ਮੁਕਤ ਬੇਲੀ।
ਕਾਂਗਰਸ ਮੁਕਤ ਇਹ ਦੇਸ਼ ਨਾ ਅਜੇ ਹੋਸੀ,
ਭਾਜਪਾ ਹੋਣ ਲੱਗੀ ਕਾਗਰਸ-ਯੁਕਤ ਬੇਲੀ।

**ਤੀਸ ਮਾਰ ਖਾਂ**

# ਕਲਕੱਤੇ ਵਿੱਚ ਪੁਲਸ ਮੁਕਾਬਲਾ: ਪੰਜਾਬ ਪੁਲਸ ਲਈ ਵੱਡੀ ਸਿਰਦਰਦੀ ਸਮਝਿਆ ਜਾਂਦਾ ਜੈਪਾਲ ਭੁੱਲਰ ਮਾਰ ਦਿੱਤਾ ਗਿਆ

ਚੰਡੀਗੜ੍ਹ, 9 ਜੂਨ, (ਪੋਸਟ ਬਿਊਰੋ)- ਪੰਜਾਬ ਪੁਲਸ ਲਈ ਪਿਛਲੇ ਦਿਨਾਂ ਤੋਂ ਵੱਡੀ ਸਿਰਦਰਦੀ ਸਮਝਿਆ ਜਾਣ ਵਾਲਾ ਅਤੇ ਜਗਰਾਉਂ ਦੀ ਦਾਣਾ ਮੰਡੀ ਵਿਚ ਦੋ ਥਾਣੇਦਾਰਾਂ ਨੂੰ ਕਤਲ ਕਰਨ ਵਾਲਾ ਏ ਕੈਟੇਗਿਰੀ ਦਾ ਗੈਂਗਸਟਰ ਜੈਪਾਲ ਭੁੱਲਰ ਅਤੇ ਉਸ ਦਾ ਸਾਥੀ ਜਸਪ੍ਰੀਤ ਸਿੰਘ ਜੱਸੀ ਅੱਜ ਪੁਲਸ ਮੁਕਾਬਲੇ ਵਿੱਚ ਮਾਰੇ ਗਏ ਹਨ।ਇਹ ਮੁਕਾਬਲਾ ਪੰਜਾਬ ਪੁਲਸ ਅਤੇ ਹੋਰ ਰਾਜਾਂ ਦੀ ਪੁਲਸ ਨੇ ਮਿਲ ਕੇ ਕੋਲਕਾਤਾ ਵਿੱਚ ਕੀਤਾ ਹੈ, ਜਿਸ ਦੀ ਪੁਸ਼ਟੀ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ ਦਿਨਕਰ ਗੁਪਤਾ ਨੇ ਕੀਤੀ ਅਤੇ ਇਸ ਬਾਰੇ ਸਾਰਾ ਵੇਰਵਾ ਪ੍ਰੈੱਸ ਨੂੰ ਦਿੱਤਾ ਹੈ।



ਮਿਲੀ ਜਾਣਕਾਰੀ ਮੁਤਾਬਕ ਅੱਜ ਬੁੱਧਵਾਰ ਦੋ-ਤਿੰਨ ਰਾਜਾਂ ਦੀ ਪੁਲਸ ਨੇ ਮਿਲ ਕੇ ਕਾਰਵਾਈ ਕੀਤੀ, ਜਿਸ ਵਿੱਚ ਜਗਰਾਉਂ ਦਾਣਾ ਮੰਡੀ ਵਿਚ ਪਿਛਲੇ ਦਿਨੀਂ ਦੋ ਥਾਣੇਦਾਰਾਂ ਭਗਵਾਨ ਸਿੰਘ ਤੇ ਦਲਵਿੰਦਰ ਸਿੰਘ ਨੂੰ ਗੋਲ਼ੀਆਂ ਮਾਰ ਕੇ ਮਾਰ ਦੇਣ ਵਾਲੇਗੈਂਗਸਟਰ ਜੈਪਾਲ ਭੁੱਲਰ ਤੇ ਉਸ ਦਾ ਸਾਥੀ ਜਸਪ੍ਰੀਤ ਸਿੰਘ ਜੱਸੀ ਮਾਰਿਆ ਗਿਆ।ਜਗਰਾਉਂ ਦੀ ਵਾਰਦਾਤ ਮਗਰੋਂ ਓਕੂ (ਆਰਗੇਨਾਈਜ਼ਡ ਕਰਾਈਮ ਕੰਟਰੋਲ ਯੂਨਿਟ) ਟੀਮ ਲਗਾਤਾਰਭੁੱਲਰ ਦੀ ਪੈੜ ਨੱਪ ਰਹੀ ਸੀ। ਇਸ ਦੌਰਾਨ ਪੰਜਾਬ ਪੁਲਸ ਦੀ ਇਸ ਟੀਮ ਨੂੰ ਭੁੱਲਰ ਦੇ ਕੋਲਕਾਤਾ ਵਿਚ ਹੋਣ ਦੀ ਸੂਚਨਾ ਮਿਲੀ ਤਾਂ ਓਕੂ ਅਤੇ ਸਪੈਸ਼ਲ ਟਾਸਕ ਫੋਰਸ(ਐੱਸ ਟੀ ਐੱਫ਼) ਨੇ ਸਾਂਝੇ ਆਪਰੇਸ਼ਨ ਰਾਹੀਂ ਕਾਰਵਾਈ ਸ਼ੁਰੂ ਕੀਤੀ, ਜਿਸ ਦੇ ਲਈ ਪੱਛਮੀ ਬੰਗਾਲ ਪੁਲਸ ਦਾ ਸਹਿਯੋਗ ਦੱਸਿਆ ਗਿਆ ਹੈ। ਪਤਾ ਲੱਗਾ ਹੈ ਕਿ ਭੁੱਲਰ ਕੋਲਕਾਤਾ ਵਿੱਚ ਪਹਿਲਾਂ ਇਕ ਹੋਟਲ ਵਿਚ ਠਹਿਰਿਆ ਸੀਅਤੇ ਕਾਰਵਾਈ ਸ਼ੁਰੂ ਹੋਣ ਉੱਤੇ ਕਿਸੇ ਦੇ ਘਰ ਜਾ ਲੁਕਿਆ ਸੀ। ਲਗਾਤਾਰ ਤਿੰਨ ਦਿਨ ਪੁਲਸ ਨੇ ਉਸ ਦੀ ਰੇਕੀ ਕੀਤੀ ਤੇ ਅੱਜ ਘੇਰਾਬੰਦੀ ਕਰਕੇ ਉਸ ਨੂੰ ਆਤਮਸਮਰਪਣ ਕਰਨ ਲਈ ਕਿਹਾ, ਪਰ ਜਦੋਂ ਉਹ ਨਾ ਆਤਮ ਸਮੱਰਪਣ ਲਈ ਨਾ ਮੰਨਿਆ ਤਾਂ ਦੋਵਾਂ ਪਾਸਿਆਂ ਤੋਂਹੋਈ ਗੋਲੀਬਾਰੀ ਵਿਚ ਜੈਪਾਲ ਭੁੱਲਰਤੇ ਜਸਪ੍ਰੀਤ ਜੱਸੀ ਦੀ ਮੌਤ ਹੋ ਗਈ।



ਗੈਂਗਸਟਰ ਜੈਪਾਲ ਭੁੱਲਰ ਫਿਰੋਜ਼ਪੁਰ ਜ਼ਿਲੇ ਦਾ ਵਸਨੀਕ ਸੀ ਅਤੇ ਜੁਰਮ ਦੀ ਦੁਨੀਆਂ ਵਿਚ ਉਹ ਕਾਫੀ ਵੱਡਾ ਨਾਂ ਮੰਨਿਆ ਜਾਂਦਾ ਏ-ਕੈਟਾਗਰੀ ਦਾ ਗੈਂਗਸਟਰ ਸੀ। ਪੁਲਸ ਨੂੰ ਲੰਬੇ ਸਮੇਂ ਤੋਂ ਉਸ ਦੀ ਲੋੜ ਸੀ। ਉਸਦੇ ਖਿਲਾਫ ਪੰਜਾਬ ਤੋਂ ਇਲਾਵਾ ਹਰਿਆਣਾ, ਰਾਜਸਥਾਨ ਤੇ ਉੱਤਰ ਪ੍ਰਦੇਸ਼ ਵਿਚ ਕਈ ਕੇਸ ਦਰਜ ਸਨ। ਪੰਜਾਬ ਪੁਲਸ ਨੇ ਜੈਪਾਲ ਭੁੱਲਰ ਉੱਤੇ ਇਨਾਮ ਵੀ ਰੱਖਿਆ ਸੀ।ਗੈਂਗਸਟਰ ਵਿੱਕੀ ਗੌਂਡਰ ਤੇ ਪ੍ਰੇਮਾ ਲਾਹੌਰੀਆ ਦੀ ਮੌਤ ਪਿੱਛੋਂਭੁੱਲਰਉਸ ਗੈਂਗ ਨੂੰ ਚਲਾ ਰਿਹਾ ਸੀ। ਗੈਂਗਸਟਰ ਸੁੱਖਾ ਕਾਹਲਵਾਂ ਅਤੇ ਰੌਕੀ ਫਾਜ਼ਿਲਕਾ ਕਤਲ ਕੇਸ ਵਿਚ ਵੀ ਜੈਪਾਲ ਭੁੱਲਰ ਦਾ ਨਾਮ ਮੁੱਖਦੋਸ਼ੀ ਵਜੋਂ ਆਇਆ ਸੀ।ਜਗਰਾਉਂ ਦਾਣਾ ਮੰਡੀ ਵਿਚ ਦੋ ਥਾਣੇਦਾਰਾਂ ਦੇ ਕਤਲ ਕੇਸਵਿੱਚ ਪੁਲਸ ਨੇ ਗੈਂਗਸਟਰ ਦਰਸ਼ਨ ਸਿੰਘ ਅਤੇ ਬਲਜਿੰਦਰ ਸਿੰਘ ਬੱਬੀ ਨੂੰ ਪਹਿਲਾਂ ਹੀ ਮੱਧ ਪ੍ਰਦੇਸ਼ਤੋਂ ਗ੍ਰਿਫ਼ਤਾਰ ਕਰ ਲਿਆ ਸੀ।

## ਬਰੈਂਪਟਨ ਵਿੱਚ ਐਂਬੂਲੈਂਸ ਨੂੰ ਟੱਕਰ ਮਾਰਨ ਵਾਲੇ ਵਿਅਕਤੀ ਨੂੰ ਕੀਤਾ ਗਿਆ ਚਾਰਜ

ਬਰੈਂਪਟਨ, 9 ਜੂਨ (ਪੋਸਟ ਬਿਊਰੋ) : ਇੱਕ ਐਂਬੂਲੈਂਸ ਤੇ ਦੋ ਹੋਰ ਗੱਡੀਆਂ ਵਿੱਚ ਆਪਣੀ ਗੱਡੀ ਨਾਲ ਟੱਕਰ ਮਾਰਨ ਵਾਲੇ ਵਿਅਕਤੀ ਖਿਲਾਫ ਪੀਲ ਰੀਜਨਲ ਪੁਲਿਸ ਵੱਲੋਂ ਕਈ ਚਾਰਜਿਜ਼ ਲਾਏ ਗਏ ਹਨ। ਪੁਲਿਸ ਨੇ ਦੱਸਿਆ ਕਿ ਸਬੰਧਤ ਵਿਅਕਤੀ ਨੇ ਸੋਮਵਾਰ 7 ਜੂਨ ਨੂੰ ਇਸ ਘਟਨਾ ਨੂੰ ਅੰਜਾਮ ਦਿੱਤਾ। ਰਾਤੀਂ 1:30 ਵਜੇ ਪੁਲਿਸ ਤੇ ਪੀਲ ਪੈਰਾਮੈਡਿਕਸ ਟੌਮਕਨ ਤੇ ਸਟੀਲਵੀਲ ਰੋਡਜ਼ ਇਲਾਕੇ ਦੇ ਪਾਰਕਿੰਗ ਲੌਟ ਵਿੱਚ ਪਾਰਕ ਕੀਤੀ ਗੱਡੀ, ਜੋ ਕਿ ਸਟਾਰਟ ਹੀ ਸੀ, ਵਿੱਚ ਬੇਸੁੱਧ ਪਏ ਵਿਅਕਤੀ ਦੀ ਮਦਦ ਲਈ ਪਹੁੰਚੇ।ਪੁਲਿਸ ਨੇ ਦੱਸਿਆ ਕਿ ਅਚਾਨਕ ਹੀ ਉਸ ਵਿਅਕਤੀ ਨੂੰ ਹੋਸ਼ ਆ ਗਿਆ ਤੇ ਉਸ ਨੇ ਸਪੀਡ ਦੇ ਕੇ ਗੱਡੀ ਤੋਰ ਲਈ ਤੇ ਫਿਰ ਉਸ ਨੇ ਗੱਡੀ ਨੂੰ ਹੋਰ ਸਪੀਡ ਦੇ ਦਿੱਤੀ, ਜਿਸ ਕਾਰਨ ਉਸ ਦੀ ਗੱਡੀ ਪਹਿਲਾਂ ਐਂਬੂਲੈਂਸ ਨਾਲ ਟਕਰਾਈ ਤੇ ਫਿਰ ਦੋ ਹੋਰ ਪਾਰਕ ਕੀਤੀਆਂ ਗੱਡੀਆਂ ਨਾਲ ਟਕਰਾਈ।ਫਿਰ ਉਹ ਵਿਅਕਤੀ ਉੱਥੋਂ ਫਰਾਰ ਹੋ ਗਿਆ। ਇਸ ਘਟਨਾ ਵਿੱਚ ਕਿਸੇ ਦੇ ਜ਼ਖ਼ਮੀ ਹੋਣ ਦੀ ਖਬਰ ਨਹੀਂ ਹੈ।

ਪੁਲਿਸ ਨੇ ਦੱਸਿਆ ਕਿ ਸੋਮਵਾਰ ਨੂੰ ਸ਼ਾਮੀਂ 5:00 ਵਜੇ ਪੁਲਿਸ ਨੂੰ ਇਹ ਵਿਅਕਤੀ ਟੋਰਾਂਟੋ ਵਿੱਚ ਕਿਪਲਿੰਗ ਐਵਨਿਊ ਤੇ ਡੰਡਾਸ ਸਟਰੀਟ ਵੈਸਟ ਨੇੜੇ ਗੱਡੀ ਵਿੱਚ ਹੀ ਮਿਲਿਆ। ਇਸ 32 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਪੁਲਿਸ ਨੇ ਇਸ ਨੂੰ ਜੁਰਮ ਨਾਲ ਹਾਸਲ ਕੀਤੀ ਸੰਪਤੀ ਦੇ ਤਿੰਨ ਮਾਮਲਿਆਂ, ਅਦਾਲਤੀ ਹੁਕਮਾਂ ਦੀ ਉਲੰਘਣਾਂ ਕਰਨ, ਆਇਡੈਂਟਿਟੀ ਦਸਤਾਵੇਜ਼ ਤੇ ਨਸ਼ੀਲੇ ਪਦਾਰਥ ਰੱਖਣ, ਕ੍ਰੈਡਿਟ ਕਾਰਡ ਡਾਟਾ ਰੱਖਣ, ਮੋਟਰ ਵ੍ਹੀਕਲ ਦੀ ਖਤਰਨਾਕ ਵਰਤੋਂ ਤੇ ਹਾਦਸੇ ਵਾਲੀ ਥਾਂ ਉੱਤੇ ਗੱਡੀ ਨਾ ਰੋਕਣ ਵਰਗੇ ਚਾਰਜਿਜ਼ ਲਾਏ ਹਨ।

## ਪੰਜਾਬ ਕਾਂਗਰਸ ਦਾ ਕਲੇਸ਼ : ਕੇਂਦਰੀ ਟੀਮ ਦੀ ਰਿਪੋਰਟ ਅਜੇ ਨਹੀਂ ਬਣੀ, ਪੰਜਾਬ ਦੇ ਤਿੰਨ ਮੰਤਰੀ ਰਾਵਤ ਨੂੰ ਫਿਰ ਮਿਲੇ

ਨਵੀਂ ਦਿੱਲੀ, 9 ਜੂਨ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਦਾਕਲੇਸ਼ ਨਿਬੇੜਨ ਲਈ ਕਾਂਗਰਸ ਹਾਈ ਕਮਾਨ ਵੱਲੋਂ ਰਾਜ ਸਭਾ ਮੈਂਬਰ ਮੱਲਿਕਾਰਜੁਨ ਖੜਗੇ ਦੀ ਅਗਵਾਈ ਹੇਠ ਬਣਾਈ ਤਿੰਨ ਮੈਂਬਰੀ ਕਮੇਟੀ ਅਜੇ ਤਕ ਆਪਣੀ ਰਿਪੋਰਟ ਨਹੀਂ ਬਣਾ ਸਕੀ ਤੇ ਏਸੇ ਲਈ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੱਕ ਨਹੀਂ ਪਹੁੰਚੀ। ਜਾਣਕਾਰ ਸੂਤਰਾਂ ਮੁਤਾਬਕ ਅਗਲੇ ਤਿੰਨ ਚਾਰ ਦਿਨਾਂ ਵਿੱਚ ਇਹ ਕਮੇਟੀ ਕਾਂਗਰਸ ਪ੍ਰਧਾਨ ਨੂੰ ਰਿਪੋਰਟ ਸੌਂਪ ਸਕਦੀ ਹੈ।



ਪਤਾ ਲੱਗਾ ਹੈ ਕਿ ਕਾਂਗਰਸ ਹਾਈ ਕਮਾਂਡ ਦੀ ਇਹ ਵਿਸ਼ੇਸ਼ ਕਮੇਟੀ ਪੰਜਾਬ ਕਾਂਗਰਸ ਦੇ ਆਗੂਆਂ ਵੱਲੋਂਦੱਸੀਆਂ ਗਈਆਂ ਸ਼ਿਕਾਇਤਾਂ, ਮੁਸ਼ਕਲਾਂ ਤੇਉਠਾਏ ਮੁੱਦਿਆਂ ਬਾਰੇ ਰਿਪੋਰਟ ਬਣਾ ਕੇ ਸੋਨੀਆ ਗਾਂਧੀ ਨੂੰ ਸੌਂਪੇਗੀ, ਜਿਸ ਦੇ ਬਾਅਦ ਸੋਨੀਆ ਗਾਂਧੀ ਇਸ ਕਮੇਟੀ ਦੇ ਮੈਂਬਰਾਂ ਜਾਂ ਪਾਰਟੀ ਦੇ ਹੋਰ ਆਗੂਆਂ ਨਾਲ ਸਲਾਹ ਕਰਕੇ ਰਾਹ ਕੱਢਣ ਦੀ ਸੋਚਣਗੇ, ਪਰ ਏਨਾਤੈਅ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਸਿਰ ਉੱਤੇ ਹੋਣ ਕਰਕੇ ਹਾਈ ਕਮਾਨ ਦਾ ਪੰਜਾਬ ਵਿੱਚ ਤਬਦੀਲੀ ਕਰਨ ਦਾ ਇਰਾਦਾ ਨਹੀਂ ਹੈ। ਫਿਰ ਵੀ ਇਸ ਚੱਕਰ ਵਿੱਚ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਬਣਦਾ ਸਤਿਕਾਰ ਦੇਣ ਲਈ ਐਡਜਸਟ ਕੀਤਾ ਜਾ ਸਕਦਾ ਹੈ, ਜਿਸ ਬਾਰੇ ਕਈ ਅੰਦਾਜ਼ੇ ਲੱਗ ਰਹੇ ਹਨ।ਚਰਚਾ ਹੈ ਕਿ ਮੰਤਰੀ ਮੰਡਲ ਵਿਚ ਤਬਦੀਲੀ ਕਰਕੇ ਦੋ ਡਿਪਟੀਮੁੱਖ ਮੰਤਰੀ ਬਣਾ ਦਿੱਤੇ ਜਾਣ ਅਤੇ ਨਵਜੋਤ ਸਿੰਘ ਸਿੱਧੂ ਨੂੰ ਐਡਜਸਟ ਕੀਤਾ ਜਾਵੇ, ਪਰ ਸਿੱਧੂ ਅਤੇ ਉਨ੍ਹਾਂ ਦੀ ਪਤਨੀ ਪਹਿਲਾਂ ਹੀ ਮੰਤਰੀ ਅਹੁਦਾ ਨਾ ਲੈਣ ਬਾਰੇ ਕਹਿ ਚੁੱਕੇ ਹਨ। ਨਵਜੋਤ ਸਿੰਘ ਸਿੱਧੂ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਨਾ ਚਾਹੁੰਦੇ ਦੱਸੇ ਗਏ ਹਨ, ਪਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਾਫ ਕਰ ਚੁੱਕੇ ਹਨ ਕਿ ਇਸ ਸੋਚ ਦਾ ਉਹ ਵਿਰੋਧ ਕਰਨਗੇ। ਇਹ ਵੀ ਚਰਚਾ ਹੈ ਕਿ ਕਾਂਗਰਸ ਪ੍ਰਧਾਨ ਦੇ ਨਾਲ ਦੋ ਐਕਟਿੰਗ ਪ੍ਰਧਾਨ ਲਾ ਦਿੱਤੇ ਜਾਣ, ਜਿਨ੍ਹਾਂ ਵਿਚੋਂ ਇੱਕ ਜਣਾ ਪੱਛੜੀ ਸ਼੍ਰੇਣੀ ਜਾਂ ਅਨੁਸੂਚਿਤ ਜਾਤੀ ਵਰਗ ਜਾਂ ਹਿੰਦੂ ਭਾਈਚਾਰੇ ਵਿੱਚੋਂਹੋ ਸਕਦਾ ਹੈ।

ਇਸ ਦੌਰਾਨ ਅੱਜ ਪੰਜਾਬ ਦੇ ਤਿੰਨ ਮੰਤਰੀ ਫਿਰ ਪੰਜਾਬ ਦੀ ਕਾਂਗਰਸ ਦੇ ਇੰਚਾਰਜ ਹਰੀਸ਼ ਰਾਵਤ ਨੂੰ ਮਿਲੇ ਤੇ ਪੰਜਾਬ ਦੇ ਮਾਮਲਿਆਂ ਬਾਰੇ ਕੁਝ ਖਾਸ ਚਰਚਾ ਹੋਈ ਦੱਸੀ ਗਈ ਹੈ।

## ਪੰਜਾਬ ਕਾਂਗਰਸ ਵਿੱਚ ਪੋਸਟਰ ਵਾਰ: 'ਕੌਣ ਕੈਪਟਨ' ਦਾ ਜਵਾਬ ਦੇਣ ਲਈ 'ਕੈਪਟਨ ਇੱਕ ਹੀ ਹੁੰਦਾ ਹੈ' ਦੇ ਪੋਸਟਰ ਲੱਗ ਗਏ

* ਪਟਿਆਲਾ ਵਿੱਚ 'ਸਾਰਾ ਪੰਜਾਬ ਸਿੱਧੂ ਦੇ ਨਾਲ' ਵਾਲੇ ਪੋਸਟਰ ਲੱਗੇ

ਚੰਡੀਗੜ੍ਹ, 9 ਜੂਨ, (ਪੋਸਟ ਬਿਊਰੋ)- ਪੰਜਾਬ ਕਾਂਗਰਸਵਿੱਚ ਅੰਦਰੂਨੀ ਝਗੜੇ ਦੀਦਿੱਲੀ ਵਿੱਚ ਸੁਣਵਾਈ ਹੋਣ ਦੇ ਨਾਲ ਪੰਜਾਬ ਵਿੱਚ ਵੀ ਆਪਸੀ ਝਗੜਾ ਸੜਕਾਂ ਉੱਤੇ ਆ ਗਿਆ ਹੈ ਅਤੇਨਵਜੋਤ ਸਿੰਘ ਸਿੱਧੂ ਵੱਲੋਂ ਦੋ ਸਾਲ ਪਹਿਲਾਂ ਦੇ ਕਹੇ ਸ਼ਬਦਾਂ 'ਕੌਣ ਕੈਪਟਨ' ਦੇ ਜਵਾਬ ਵਿੱਚ ਪੰਜਾਬ ਦੀਆਂ ਸੜਕਾਂ ਉੱਤੇਕੈਪਟਨ ਧੜੇ ਨੇ 'ਕੈਪਟਨ ਇੱਕ ਹੀ ਹੁੰਦਾ ਹੈ' ਵਾਲੇ ਪੋਸਟਰ ਲਵਾਉਣੇ ਸ਼ੁਰੂ ਕਰ ਕੇ ਲੜਾਈ ਨੂੰ ਨਵਾਂ ਰੰਗ ਦੇ ਦਿੱਤਾ ਜਾਪਦਾ ਹੈ।

ਅੱਜ ਬੁੱਧਵਾਰ ਨੂੰ ਅਚਾਨਕ ਪੰਜਾਬ ਦੇ ਕਈ ਸ਼ਹਿਰਾਂ ਵਿੱਚ ਸੜਕਾਂ ਉੱਤੇ ਕੈਪਟਨ ਅਮਰਿੰਦਰ ਸਿੰਘ ਦੇ ਪੱਖਦੇ ਪੋਸਟਰ ਅਤੇ ਬੈਨਰ ਲਾਏ ਜਾਣ ਲੱਗ ਪਏ, ਜਿਨ੍ਹਾਂ ਉੱਤੇ ਲਿਖਿਆ ਗਿਆ ਹੈ 'ਕੈਪਟਨ ਇਕ ਹੀ ਹੁੰਦਾ ਹੈ'।ਪੰਜਾਬ ਦੀਆਂ ਸੜਕਾਂ ਉੱਤੇਲੱਗੇ ਹੋਰਡਿੰਗ ਪਾਰਟੀ ਹਾਈ ਕਮਾਨ ਨੂੰ ਇੱਕ ਇਸ਼ਾਰਾ ਹਨ ਕਿ ਜੇਕੈਪਟਨ ਅਮਰਿੰਦਰ ਸਿੰਘ ਦੇ ਪੱਖ ਦਾ ਫੈਸਲਾ ਨਾ ਲਿਆ ਤਾਂ ਲੜਾਈ ਖਤਰਨਾਕ ਰੁਖ ਧਾਰਨ ਕਰ ਸਕਦੀ ਹੈ। ਇਸ ਵੇਲੇ ਕਾਂਗਰਸ ਦੀ ਸਾਰੀ ਲੜਾਈ ਕੈਪਟਨ ਅਮਰਿੰਦਰ ਸਿੰਘ ਬਨਾਮ ਨਵਜੋਤ ਸਿੰਘ ਸਿੱਧੂ ਬਣ ਜਾਣ ਕਾਰਨਬਾਕੀਆਗੂ ਆਪੋ ਆਪਣੀ ਪੈਂਠ ਕਾਇਮ ਰੱਖਣ ਲਈ ਪੰਜਾਬ ਦੇ ਕੁਝ ਖੇਤਰਾਂ ਵਿਚ ਕੈਪਟਨ ਅਮਰਿੰਦਰ ਸਿੰਘ ਦੇ ਪੱਖ ਵਿਚ 'ਕੈਪਟਨ ਇਕ ਹੀ ਹੁੰਦਾ ਹੈ' ਅਤੇ 'ਸਾਡਾ ਸਾਂਝਾ ਨਾਅਰਾ, ਕੈਪਟਨ ਦੁਬਾਰਾ' ਦੇ ਬੋਰਡ ਲਾਉਣ ਲੱਗ ਪਏ ਹਨ।ਅੰਮ੍ਰਿਤਸਰ ਵਿੱਚ ਕੁਝ ਪੋਸਟਰ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਆਪਣੇ ਹਲਕੇ ਵਿੱਚੋਂ ਲਾਪਤਾ ਹੋਣ ਦੇ ਵੀ ਲੱਗ ਗਏ ਹਨ।ਉਸ ਦੇ ਖਿਲਾਫ ਏਹੋ ਜਿਹੇ ਪੋਸਟਰ ਸਾਲ 2019 ਵਿਚ ਵੀ ਲੱਗੇ ਸਨ, ਜਦੋਂ ਉਸ ਦਾ ਵਿਭਾਗ ਬਦਲਣ ਦੇ ਚਰਚੇ ਚੱਲੇ ਸਨ।

ਜਾਣਕਾਰ ਸੂਤਰਾਂ ਮੁਤਾਬਕ ਅਗਲੀਆਂ ਵਿਧਾਨ ਸਭਾ ਚੋਣਾਂ ਨੇੜੇ ਹੋਣ ਕਰਕੇ ਕਾਂਗਰਸ ਹਾਈ ਕਮਾਨ ਕਿਸੇ ਧੜੇ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੀ ਅਤੇ ਵਿਚਲਾ ਰਸਤਾ ਲੱਭ ਰਹੀ ਹੈ। ਦੋਵਾਂ ਧਿਰਾਂ ਦੀ ਨਜ਼ਰ ਪਾਰਟੀ ਪ੍ਰਧਾਨ ਸੋਨੀਆ ਗਾਂਧੀ, ਰਾਹੁਲ ਗਾਂਧੀ ਤੇ ਪ੍ਰਿਅੰਕਾ ਗਾਂਧੀ ਉੱਤੇ ਟਿਕੀ ਹੈ, ਕਿਉਂਕਿ ਹਾਈ ਕਮਾਂਡ ਵੱਲੋਂ ਬਣਾਈ ਕਮੇਟੀ ਜੋ ਵੀ ਰਿਪੋਰਟ ਦੇ ਦੇਵੇ, ਅੰਤਿਮ ਫੈਸਲਾ ਗਾਂਧੀ ਪਰਿਵਾਰ ਨੇ ਲੈਣਾ ਹੈ।ਪੰਜਾਬ ਕਾਂਗਰਸ ਦੇ ਪੰਜ ਦਰਜਨ ਦੇ ਕਰੀਬ ਵਿਧਾਇਕਾਂ ਤੇ ਹੋਰਆਗੂਆਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਕਾਰਗੁਜ਼ਾਰੀਤੋਂ ਨਾਰਾਜ਼ਗੀ ਦਿਖਾਈ ਹੈ ਤੇ ਬੇਅਦਬੀ ਕਾਂਡ ਦੇ ਮੁੱਦੇ ਉੱਤੇ ਦੋਸ਼ੀਆਂ ਦੇ ਖ਼ਿਲਾਫ਼ ਕਾਰਵਾਈ ਨਾ ਕਰਨ ਤੇ ਹਾਈ ਕੋਰਟ ਵੱਲੋਂਸਾਬਕਾ ਆਈ ਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਜਾਂਚ ਰਿਪੋਰਟ ਰੱਦ ਕੀਤੇ ਜਾਣ ਪਿੱਛੋਂ ਸਰਕਾਰ ਦੇ ਲਾਪਰਵਾਹੀ ਵਾਲੇ ਰੁਖ ਦਾ ਮੁੱਦਾ ਵੀ ਉਠਾਇਆ ਹੈ।

ਕਾਂਗਰਸ ਹਾਈ ਕਮਾਂਡ ਦੀ ਤਿੰਨ ਮੈਂਬਰੀ ਕਮੇਟੀ ਵਿੱਚ ਨਵਜੋਤ ਸਿੰਘ ਸਿੱਧੂ ਨੂੰ ਡਿਪਟੀ ਮੁੱਖਮੰਤਰੀ ਬਣਾਉਣ ਦੇ ਸੰਕੇਤਾਂ ਨਾਲ ਪੰਜਾਬ ਕਾਂਗਰਸਵਿੱਚਨਵੀਂ ਹਲਚਲ ਦੌਰਾਨ ਜਦੋਂ ਇੱਕ ਪਾਸੇਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸਮਰਥਕਾਂ ਨੇ ਸੜਕਾਂ ਤੇ ਗਲ਼ੀਆਂਵਿੱਚ ਹੋਰਡਿੰਗ ਤੇ ਪੋਸਟਰ ਲਾਉਣੇ ਸ਼ੁਰੂ ਕਰ ਦਿੱਤੇ ਤਾਂ ਦੂਸਰੇ ਪਾਸੇ ਨਵਜੋਤ ਸਿੰਘ ਸਿੱਧ ਦੇ ਪੱਖ ਵਿੱਚ ਵੀ ਇੱਕ ਧੜੇ ਨੇ ਸਰਗਰਮੀ ਵਿੱਢ ਦਿੱਤੀ ਹੈ।ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਕਰੀਬੀਆਂ ਨੇ ਇਹ ਮਾਹੌਲ ਬਣਾਉਣਾ ਸ਼ੁਰੂ ਕਰ ਦਿੱਤਾ ਹੈ ਕਿ ਸਾਲ 2022 ਵਾਲੀਆਂਵਿਧਾਨ ਸਭਾ ਚੋਣਾਂ ਵੀ ਇੱਕ ਵਾਰ ਫਿਰਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਹੀ ਅਗਵਾਈਵਿੱਚਲੜੀਆਂ ਜਾਵੇਗੀਆਂ।

ਓਧਰ ਮੁੱਖ ਮੰਤਰੀ ਅਮਰਿੰਦਰ ਸਿੰਘ ਦੇ ਆਪਣੇ ਸ਼ਹਿਰ ਪਟਿਆਲਾ ਵਿਚ ਨਵਜੋਤ ਸਿੰਘ ਸਿੱਧੂ ਦੇ ਪੱਖ ਦੇ ਵੱਡੇ ਫਲੈਕਸ ਬੋਰਡਾਂ ਦੀ ਚਰਚਾ ਸ਼ੁਰੂ ਹੋ ਗਈ ਹੈ। ਸ਼ਹਿਰ ਦੇ ਵੱਡੇ ਚੌਂਕਾਂ ਵਿੱਚਫਲੈਕਸ ਬੋਰਡ ਲਾਏ ਗਏ ਹਨ, ਜਿਨ੍ਹਾਂ ਉੱਤੇ ਕਾਂਗਰਸੀ ਵਿਧਾਇਕ ਨਵਜੋਤ ਸਿੰਘ ਸਿੱਧੂਅਤੇ ਉਨ੍ਹਾਂ ਦੀ ਪਤਨੀ ਨਵਜੋਤ ਕੌਰ ਸਿੱਧੂਦੇ ਨਾਲ ਉਨ੍ਹਾਂ ਦੇ ਸਮੱਰਥਕਾਂ ਦੀਆਂ ਤਸਵੀਰਾਂ ਹਨ ਤੇ ਇਨ੍ਹਾਂ ਬੋਰਡਾਂ ਉੱਤੇ ਵੱਡੇ ਅੱਖਰਾਂ ਵਿੱਚ ਲਿਖਿਆ ਹੈ, 'ਸਾਰਾ ਪੰਜਾਬ ਸਿੱਧੂ ਦੇ ਨਾਲ', 'ਕਿਸਾਨਾਂ ਦੀ ਆਵਾਜ਼ ਮੰਗਦਾ ਹੈ ਪੰਜਾਬ', 'ਪੰਜਾਬ ਮੰਗਦਾ ਗੁਰੂ ਦੀ ਬੇਅਦਬੀ ਦਾ ਹਿਸਾਬ'। ਦੱਸਿਆ ਗਿਆ ਹੈ ਕਿ ਪਟਿਆਲੇ ਵਿੱਚ ਨਵਜੋਤ ਸਿੰਘਸਿੱਧੂ ਦੇ ਪੱਖ ਵਿੱਚ ਇਹ ਫਲੈਕਸ ਬੋਰਡ ਸ਼ੈਰੀ ਰਿਆੜ ਨਾਂਅ ਦੇ ਨੌਜਵਾਨ ਨੇ ਲਵਾਏ ਹਨ, ਜਿਹੜਾ ਲੰਮੇ ਸਮੇਂ ਤੋਂ ਨਵਜੋਤ ਕੌਰ ਸਿੱਧੂ ਦੇ ਸੰਪਰਕ ਵਿੱਚ ਹੈਤੇ ਸਮਾਜ ਸੇਵਾ ਦੇ ਖੇਤਰ ਵਿੱਚ ਕੰਮ ਕਰਦਾ ਸੁਣੀਂਦਾ ਹੈ। ਬੀਤੇ ਦਿਨੀਂ ਸ਼ੈਰੀ ਰਿਆੜ ਨੇ ਨਵਜੋਤ ਕੌਰ ਸਿੱਧੂ ਨਾਲ ਪਟਿਆਲਾ ਜ਼ਿਲ੍ਹੇ ਦੇ ਕਈ ਖੇਤਰਾਂਵਿੱਚ ਦੌਰਾ ਕੀਤਾ ਹੈ।ਨਵਜੋਤ ਸਿੰਘ ਸਿੱਧੂ ਖੁਦਭਾਵੇਂ ਚੁੱਪ ਹਨ, ਉਨ੍ਹਾਂ ਦੀ ਪਤਨੀ ਨਵਜੋਤ ਕੌਰ ਸਿੱਧੂਸਰਗਰਮ ਹਨ ਅਤੇ ਉਨ੍ਹਾਂ ਨੇ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਅਤੇ ਪਟਿਆਲਾ ਤੋਂ ਲੋਕ ਸਭਾ ਮੈਂਬਰ ਪਰਨੀਤ ਕੌਰ ਦੇ ਬਿਆਨ ਉੱਤੇ ਤਿੱਖੀ ਪ੍ਰਤੀਕਿਰਿਆ ਵੀ ਦਿੱਤੀ ਸੀ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

REXDALE BODY SHOP
USED CAR SALE





CHEEMA
LOWEST PRICE IN TOWN
Towing Service Car Paint Starts $799*upto 100% Deductible Paid*
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece



Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

# ਡੇਰਾ ਮੁਖੀ ਰਾਮ ਰਹੀਮ ਦੀ ਪੈਰੋਲ ਦਾ ਮੁੱਦਾ ਹਾਈ ਕੋਰਟ ਜਾ ਪੁੱਜਾ

ਚੰਡੀਗੜ੍ਹ, 9 ਜੂਨ, (ਪੋਸਟ ਬਿਊਰੋ)- ਕਈ ਸਾਲ ਪਹਿਲਾਂ ਸਿਰਸਾ ਵਿੱਚ ਕਤਲ ਕਰ ਦਿੱਤੇ ਗਏ ਪੱਤਰਕਾਰ ਰਾਮਚੰਦਰ ਛਤਰਪਤੀ ਦੇ ਪੁੱਤਰ ਅੰਸ਼ੁਲ ਛਤਰਪਤੀ ਨੇ ਪੰਜਾਬ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਨੂੰ ਚਿੱਠੀ ਭੇਜ ਕੇ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਵੱਲੋਂ ਉੱਚ ਸਿਆਸੀ ਸਬੰਧਾਂ ਦੇਨਾਲ ਮੈਡੀਕਲ ਆਧਾਰਿਤ ਪੈਰੋਲ ਲੈਣ ਉੱਤੇ ਦਖ਼ਲਦੇਣ ਦੀ ਮੰਗ ਕੀਤੀ ਹੈ।ਵਰਨਣ ਯੋਗ ਹੈ ਕਿ ਰਾਮ ਰਹੀਮ ਨੂੰ ਪੱਤਰਕਾਰ ਛਤਰਪਤੀ ਕਤਲ ਕੇਸ ਦਾ ਦੋਸ਼ੀ ਮੰਨ ਕੇ ਅਦਾਲਤ ਨੇ ਕੈਦ ਦੀ ਸਜ਼ਾ ਦਿੱਤੀ ਹੋਈ ਹੈ ਅਤੇ ਉਸ ਉੱਤੇ ਬਲਾਤਕਾਰ ਦੇ ਵੀ ਦੋਸ਼ ਹਨ।

*** ਪੱਤਰਕਾਰ ਛਤਰਪਤੀ ਦੇ ਪੁੱਤਰ ਵੱਲੋਂ ਚੀਫ ਜਸਟਿਸ ਨੂੰ ਚਿੱਠੀ**

ਮਰਹੂਮ ਪੱਤਰਕਾਰ ਛਤਰਪਤੀ ਦੇ ਪੁੱਤਰ ਅੰਸ਼ੁਲ ਛਤਰਪਤੀ ਨੇ ਇਸ ਚਿੱਠੀਵਿੱਚ ਦੋਸ਼ ਲਾਇਆ ਹੈ ਕਿ ਕਤਲ ਤੇ ਬਲਾਤਕਾਰ ਸੰਗੀਨ ਦੋਸ਼ਾਂਵਿੱਚ ਸਜ਼ਾਭੁਗਤ ਰਹੇ ਅਪਰਾਧੀ ਨੂੰ ਬਿਮਾਰੀ ਦੇ ਬਹਾਨੇ ਫਾਈਵ ਸਟਾਰ ਹਸਪਤਾਲਵਿੱਚ ਦਾਖ਼ਲ ਕਰਾਇਆ ਗਿਆ ਹੈ।ਉਨ੍ਹਾਂ ਨੇ ਇਸ ਵਿੱਚ ਸੁਪਰੀਮ ਕੋਰਟ ਦੇ ਫ਼ੈਸਲੇ ਦਾ ਹਵਾਲਾ ਦੇ ਕੇ ਕਿਹਾ ਹੈ ਕਿ ਮੈਡੀਕਲ ਆਧਾਰਤ ਪੈਰੋਲ ਸਿਰਫ ਮੈਡੀਕਲ ਦਸਤਾਵੇਜ਼ ਦੇ ਆਧਾਰ ਉੱਤੇ ਦੇਣੀ ਚਾਹੀਦੀ ਹੈ, ਪੈਸੇ ਜਾਂ ਉੱਚ ਪਹੁੰਚ ਸਦਕਾ ਨਹੀਂ। ਅੰਸ਼ੂਲ ਨੇ ਹਾਈ ਕੋਰਟ ਦੇ ਚੀਫ ਜਸਟਿਸ ਨੂੰ ਭੇਜੀ ਚਿੱਠੀਵਿੱਚ ਕਿਹਾ ਹੈ ਕਿ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਕਦੇ ਆਪਣੀ ਮਾਂ ਦੀ ਬਿਮਾਰੀ ਤੇ ਕਦੇ ਆਪਣੀ ਬਿਮਾਰੀ ਬਹਾਨੇ ਗੁਰੂਗ੍ਰਾਮ ਦੇ ਫਾਰਮ ਹਾਊਸਵਿੱਚ ਜਾ ਕੇ ਹਨੀਪ੍ਰੀਤ ਕੌਰ ਤੇ ਡੇਰੇ ਦੀ ਮੈਨੇਜਮੈਂਟ ਨਾਲ ਗੁਪਤ ਬੈਠਕਾਂ ਕਰ ਰਿਹਾ ਹੈ।ਅੰਸ਼ੂਲ ਨੇ ਸਵਾਲ ਕੀਤਾ ਕਿ ਜੇ ਉਹ ਕੋਰੋਨਾ ਪਾਜ਼ੇਟਿਵ ਹੈ ਤਾਂ ਉਸ ਨੇ ਪੀਜੀਆਈਵਿੱਚ ਟੈਸਟ ਕਿਉਂ ਨਹੀਂਕਰਾਇਆਤੇ ਉਸ ਦੇ ਬਾਅਦ ਉਸ ਨੂੰ ਜੇਲ੍ਹਵਿੱਚ ਆਈਸੋਲੇਟ ਕਰ ਕੇ ਇਲਾਜ ਕਰਨਾ ਚਾਹੀਦਾ ਹੈ, ਪਰ ਰਾਮ ਰਹੀਮ ਦੇ ਕੇਸਵਿੱਚ ਵਿਸ਼ੇਸ਼ ਰਿਆਇਤ ਦਿੱਤੀ ਗਈ ਹੈ।ਉਨ੍ਹਾ ਕਿਹਾ ਕਿ ਕਤਲ ਤੇ ਬਲਾਤਕਾਰ ਦੇ ਦੋਸ਼ ਦੀ ਸਜ਼ਾ ਭੁਗਤ ਰਹੇ ਡੇਰਾ ਮੁਖੀ ਨੂੰ ਇਸ ਤਰ੍ਹਾਂ ਸਹੂਲਤਾਂ ਦੇਣੀਆਂ ਆਮ ਲੋਕਾਂ ਲਈ ਖ਼ਤਰਨਾਕ ਹੋ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਕੋਰੋਨਾ ਪਾਜ਼ੇਟਿਵ ਮਰੀਜ਼ ਨੂੰ ਕਿਸੇ ਨੂੰ ਮਿਲਣ ਨਹੀਂ ਦਿੱਤਾ ਜਾਂਦਾ, ਪਰ ਰਾਮ ਰਹੀਮ ਦੇ ਲਈ ਹਨੀਪ੍ਰੀਤ ਕੌਰ ਨੂੰ ਅਟੈਂਡੈਂਟ ਕਾਰਡ ਵੀ ਜਾਰੀ ਕਰ ਦਿੱਤਾ ਗਿਆ ਅਤੇ ਉਹ ਦਿਨਵਿੱਚ ਕਈ ਵਾਰ ਰਾਮ ਰਹੀਮ ਸਿੰਘ ਨਾਲ ਮੁਲਾਕਾਤ ਕਰ ਰਹੀ ਹੈ, ਜਿਸ ਤੋਂ ਲੱਗਦਾ ਹੈ ਕਿ ਕੋਈ ਵੱਡੀ ਸਾਜ਼ਿਸ਼ ਰਚੀ ਜਾ ਰਹੀ ਹੈ।



ਅੰਸ਼ੁਲ ਛਤਰਪਤੀ ਨੇ ਕਿਹਾ ਕਿ ਰਾਮ ਰਹੀਮ ਵਰਗੇ ਕੈਦੀ ਨੂੰ ਮੇਦਾਂਤਾ ਹਸਪਤਾਲਵਿੱਚ ਦਾਖਲ ਕਰਾਉਣ ਤੇ ਵੀਆਈ ਪੀ ਸਹੂਲਤਾਂ ਦੇਣਤੇ ਹਸਪਤਾਲਵਿੱਚ ਹਨੀਪ੍ਰੀਤ ਨੂੰ ਉਸ ਦੀ ਅਟੈਂਡੈਂਟ ਬਣਾਉਣਤੋਂ ਸਵਾਲ ਉੱਠਦੇ ਹਨ। ਉਨ੍ਹਾਂ ਕਿਹਾ ਕਿ ਹਨੀਪ੍ਰੀਤ ਖੁਦ ਪੰਚਕੂਲਾ ਵਿੱਚ ਹੋਈ ਹਿੰਸਾ ਦੀ ਮੁੱਖਦੋਸ਼ੀ ਹੈ, ਜਿਸਵਿੱਚਚਾਲੀ ਤੋਂ ਵੱਧ ਲੋਕਾਂ ਦੀ ਮੌਤ ਹੋਈ ਸੀ। ਅੰਸ਼ੁਲ ਨੇ ਸਵਾਲ ਕੀਤਾ ਕਿ ਜੇਲ੍ਹਾਂਵਿੱਚ ਬੰਦ ਕਿੰਨੇ ਕੈਦੀਆਂ ਨੂੰ ਇਲਾਜ ਲਈ ਫਾਈਵ ਸਟਾਰ ਹਸਪਤਾਲਾਂਵਿੱਚ ਲਿਜਾਇਆ ਜਾਂਦਾ ਹੈ।ਉਨ੍ਹਾਂ ਯਾਦ ਕਰਾਇਆ ਕਿ ਡੇਰਾ ਮੁਖੀ ਨਾਲ ਇਕ ਹੋਰ ਕੇਸਵਿੱਚ ਸਹਿ-ਦੋਸ਼ੀ ਕ੍ਰਿਸ਼ਨ ਲਾਲ ਨੂੰ ਹਾਈ ਕੋਰਟ ਨੇ ਉਸ ਦੀ ਮਾਂ ਦੀ ਮੌਤ ਉੱਤੇ ਪੈਰੋਲ ਤੋਂ ਮਨ੍ਹਾ ਕਰ ਦਿੱਤਾ ਸੀ। ਅੰਸ਼ੁਲ ਨੇ ਚੀਫ ਜਸਟਿਸ ਨੂੰ ਅਪੀਲ ਕੀਤੀ ਕਿ ਉਹ ਇਸ ਕੇਸਵਿੱਚ ਦਖ਼ਲ ਦੇ ਕੇ ਹਰਿਆਣਾ ਸਰਕਾਰ ਵੱਲੋਂਰਾਮ ਰਹੀਮ ਸਿੰਘ ਨੂੰ 6 ਜੂਨ ਨੂੰ ਦਿੱਤੀ ਗਈ ਪੈਰੋਲ ਰੱਦ ਕਰ ਕੇ ਉਸ ਨੂੰ ਜੇਲ੍ਹਵਿੱਚ ਆਈਸੋਲੇਟ ਕਰਨ ਦੇ ਆਦੇਸ਼ ਜਾਰੀ ਕਰਨ।

Punjabipost.ca
905-793-2202
27 Armthorpe Rd #3,
Brampton, L6T 5M4

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | **Gyan Singh,** |
| **Office Admin** | **Sajandeep Singh** |
| **Graphic Designer** | **Angrez Singh** |
| **Photographer** | Kanwaljit Singh Kanwal |
| **Distributer** | Aman Warraich |
| **Marketing:** | **Sajandeep Singh** |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਮਮਤਾ ਬੈਨਰਜੀ ਨਾਲ ਕਿਸਾਨ ਆਗੂ ਟਿਕੈਤ ਦੀ ਮੀਟਿੰਗ ਤੋਂ ਸਿਆਸਤ ਵਿੱਚ ਹਲਚਲ

ਕੋਲਕਾਤਾ, 9 ਜੂਨ, (ਪੋਸਟ ਬਿਊਰੋ)- ਭਾਰਤੀ ਕਿਸਾਨ ਯੂਨੀਅਨ ਦੇ ਬੁਲਾਰੇ ਰਾਕੇਸ਼ ਟਿਕੈਤ ਨੇ ਕਿਸਾਨ ਆਗੂਆਂ ਨਾਲ ਅੱਜ ਬੁੱਧਵਾਰ ਨੂੰ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨਾਲ ਮੁਲਾਕਾਤ ਕੀਤੀ ਹੈ, ਜਿਸ ਦੇ ਨਾਲ ਰਾਜਨੀਤੀ ਵਿੱਚ ਚੋਖੀ ਹਲਚਲ ਮੱਚਣ ਵਰਗੀ ਸਥਿਤੀ ਪੈਦਾ ਹੋਣ ਦੀ ਚਰਚਾ ਹੈ।

ਅੱਜ ਏਥੇ ਕੋਲਕਾਤਾ ਵਿੱਚ ਰਾਜ ਸਰਕਾਰ ਦੇ ਸੈਕਟਰੀਏਟ ਵਿੱਚ ਮੁੱਖ ਮੰਤਰੀ ਮਮਤਾ ਬੈਨਰਜੀ ਦੇ ਨਾਲਰਾਕੇਸ਼ ਟਿਕੈਤ ਨੇ ਕਿਸਾਨਾਂ ਦੇ ਮੁੱਦੇ ਉੱਤੇ ਚਰਚਾ ਕੀਤੀ। ਜਾਣਕਾਰ ਸੂਤਰਾਂ ਮੁਤਾਬਕ ਕਿਸਾਨ ਆਗੂਆਂ ਤੇ ਮਮਤਾ ਬੈਨਰਜੀ ਦੀ ਮੀਟਿੰਗ ਦੌਰਾਨ ਕੇਂਦਰ ਸਰਕਾਰ ਦੇ ਖੇਤੀ ਕਾਨੂੰਨਾਂ ਵਿਰੁੱਧ ਚੱਲਦੇ ਕਿਸਾਨ ਅੰਦੋਲਨ ਨੂੰ ਤੇਜ਼ ਕਰਨ ਤੇ ਸਰਕਾਰ ਨੂੰ ਘੇਰਨ ਦੀ ਰਣਨੀਤੀ ਉੱਤੇ ਚਰਚਾ ਹੋਈ ਹੈ। ਇਸ ਬੈਠਕ ਤੋਂ ਬਾਅਦ ਮਮਤਾ ਬੈਨਰਜੀ ਨੇ ਕਿਹਾ ਕਿ ਪਿਛਲੇ ਕਈ ਮਹੀਨਿਆਂ ਤੋਂ ਕੇਂਦਰ ਸਰਕਾਰ ਨੇ ਕਿਸਾਨਾਂ ਨਾਲ ਗੱਲਬਾਤ ਦੀ ਖੇਚਲ ਤਕ ਨਹੀਂ ਕੀਤੀ ਤੇ ਮੇਰੀ ਮੰਗ ਹੈ ਕਿ ਤਿੰਨੇ ਖੇਤੀ ਕਾਨੂੰਨ ਤੁਰੰਤ ਵਾਪਸ ਲਏ ਜਾਣ। ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਨੂੰ ਮੇਰੀ ਹਮਾਇਤ ਜਾਰੀ ਰਹੇਗੀ ਅਤੇ ਮੈਂ ਦੂਸਰੇ ਰਾਜਾਂ ਦੇ ਮੁੱਖ ਮੰਤਰੀਆਂ ਨਾਲ ਵੀ ਕਿਸਾਨਾਂ ਦੇ ਮੁੱਦੇ ਉੱਤੇ ਗੱਲ ਕਰਾਂਗੀ।ਮਮਤਾ ਬੈਨਰਜੀ ਨੇ ਕਿਹਾ ਕਿ ਜਦੋਂ ਤਕ ਤਿੰਨੇ ਖੇਤੀ ਕਾਨੂੰਨ ਵਾਪਸ ਨਹੀਂ ਲਏ ਜਾਂਦੇ, ਉਦੋਂ ਤਕ ਅੰਦੋਲਨ ਜਾਰੀ ਰਹਿਣਾ ਚਾਹੀਦਾ ਹੈ। ਉਨ੍ਹਾਂ ਨੇ ਵਿਰੋਧੀ ਪਾਰਟੀਆਂ ਨੂੰ ਵੀ ਇਸ ਮੁੱਦੇ ਉੱਤੇ ਇਕੱਠੇ ਹੋ ਕੇ ਕੇਂਦਰ ਸਰਕਾਰ ਦੇ ਖ਼ਿਲਾਫ਼ ਲੜਾਈ ਦਾ ਸੱਦਾ ਦਿੱਤਾ।



ਦੂਸਰੇ ਪਾਸੇ ਰਾਕੇਸ਼ ਟਿਕੈਤ ਨੇ ਮਮਤਾ ਬੈਨਰਜੀ ਵੱਲੋਂਕਿਸਾਨ ਸੰਘਰਸ਼ ਦੀ ਹਮਾਇਤ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਦੀਦੀ ਨੇ ਵੱਡਾ ਦੁਸ਼ਮਣ ਹਰਾ ਕੇ ਬੰਗਾਲ ਬਚਾ ਲਿਆ ਹੈ, ਅੱਗੋਂ ਸਭ ਨੂੰ ਮਿਲ ਕੇ ਭਾਜਪਾ ਤੋਂ ਦੇਸ਼ ਨੂੰ ਬਚਾਉਣਾ ਪਵੇਗਾ। ਮਮਤਾਦੀ ਸ਼ਲਾਘਾ ਵਿੱਚ ਟਿਕੈਤ ਨੇ ਕਿਹਾ ਕਿ ਉਨ੍ਹਾਂਵਿੱਚ ਪ੍ਰਧਾਨ ਮੰਤਰੀ ਬਣਨ ਦੀ ਸਮਰੱਥਾ ਹੈਤੇ ਸਾਡੀ ਉਨ੍ਹਾ ਨੂੰ ਅਪੀਲ ਹੈ ਕਿ ਉਹ ਅਜਿਹਾ ਮਾਡਲ ਤਿਆਰ ਕਰਨ, ਜਿਸ ਨੂੰ ਸਾਰੇ ਮੰਨ ਲੈਣ।


Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976

BEST CANADIAN TRUCK &
FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

**ਵਰਕਰਾਂ ਦੀ ਲੋੜ**
ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
**ਸੰਪਰਕ: 647-205-5909, 416-618-3358**

**ਵਰਕਰਾਂ ਦੀ ਲੋੜ**
ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਵੈਨ ਚਲਾਉਣ ਲਈ ਡਰਾਇਵਰ ਦੀ ਵੀ ਲੋੜ ਹੈ।
**ਸੰਪਰਕ: 647-391-3365**

**ਜ਼ਰੂਰ ਜਾਣੋ; ਗਿਆਨ ਗੰਗਾ**
।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।
- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org
IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com
Looking For a Nest..? Call the Best




EXCLUSIVE FOR SALE IN WOODSTOCK
CLOSING IN APRIL 2021
Bedroom 4 | Bathroom 2+1 | Size (Sq.Ft.) 2455 | Home Details 42'



EXCLUSIVE
FOR SALE
JAMES C
CLOSING IN APRIL 2021
Bedroom 4 | Bathroom 2+1 | Size (Sq.Ft.) 2250 | Home Details 36'




KAMAL SANDHU RE/MAX GOLD REALTY INC BROKERAGE

# ਭਾਰਤ ਨੂੰ ਆਤਮਨਿਰਭਰਤਾ ਨਾਲੋਂ ਵੱਧ ਆਤਮਵਿਸ਼ਵਾਸ ਦੀ ਲੋੜ

-ਕਰਣ ਥਾਪਰ

ਆਰ ਬੀ ਆਈ ਦੇ ਸਾਬਕਾ ਗਵਰਨਰ ਤੇ ਮੋਹਰੀ ਅਰਥ ਸ਼ਾਸਤਰੀ ਡਾ. ਰਘੂਰਾਮ ਰਾਜਨ ਨੇ ਵਧ ਰਹੀ ਮਹਾਮਾਰੀ ਦੌਰਾਨ ਭਾਰਤੀ ਅਰਥ ਵਿਵਸਥਾ ਦੇ ਭਵਿੱਖ ਬਾਰੇ ਨਿਧੜਕ ਹੋ ਕੇ ਗੱਲਾਂ ਕੀਤੀਆਂ ਅਤੇ ਇਸ ਉੱਤੇ ਰੌਸ਼ਨੀ ਪਾਈ ਹੈ ਕਿ ਆਖਿਰ ਭਾਰਤੀ ਲੀਡਰਸ਼ਿਪ ਕੋਲੋਂ ਵਾਇਰਸ ਨੂੰ ਕਾਬੂ ਕਰਨ ਵਿੱਚ ਕਿੱਥੇ ਗਲਤੀਆਂ ਹੋਈਆਂ।

ਇੱਕ ਲੋਕਤੰਤਰੀ ਦੇਸ਼ ਹੋਣ ਦੇ ਨਾਤੇ ਰਾਜਨ ਨੇ ਭਾਰਤ ਦੇ ਅਕਸ ਬਾਰੇ ਵੀ ਗੱਲ ਕੀਤੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਭਾਰਤ ਦੇ ਭਵਿੱਖ ਬਾਰੇ ਉਹ ਆਸ਼ਾਵਾਦੀ ਹਨ, ਪਰ ਉਨ੍ਹਾਂ ਨੇ ਜੇਤੂਵਾਦ ਵਿਰੁੱਧ ਚਿੰਤਾ ਪ੍ਰਗਟਾਈ ਹੈ। ਰਘੂਰਾਮ ਰਾਜਨ ਦਾ ਕਹਿਣਾ ਹੈ ਕਿ ਆਤਮ ਨਿਰਭਰਤਾ ਨਾਲੋਂ ਵੱਧ ਭਾਰਤ ਨੂੰ ਆਤਮ ਵਿਸ਼ਵਾਸ ਦੀ ਲੋੜ ਹੈ। ਇੱਕ ਇੰਟਰਵਿਊ ਦੌਰਾਨ ਮੈਂ ਜਦੋਂ ਉਨ੍ਹਾਂ ਕੋਲੋਂ 31 ਮਈ ਨੂੰ ਜਾਰੀ ਆਰਥਿਕ ਨਤੀਜਿਆਂ ਬਾਰੇ ਪੁੱਛਿਆ ਅਤੇ ਉਨ੍ਹਾਂ ਕੋਲੋਂ ਜਾਣਨਾ ਚਾਹਿਆਂ ਕਿ ਵਾਇਰਸ ਦੀ ਦੂਸਰੀ ਲਹਿਰ ਤੋਂ ਭਾਰਤ ਨੂੰ ਕੀ ਸਿੱਖਣ ਦੀ ਲੋੜ ਹੈ ਤਾਂ ਕਿ ਓਦਾਂ ਦੀਆਂ ਗਲਤੀਆਂ ਦੁਹਰਾਈਆਂ ਨਾ ਜਾਣ ਤਾਂ ਇਸ ਉੱਤੇ ਉਨ੍ਹਾਂ ਨੇ ਕਿਹਾ ਕਿ ਇਹ ਦੋ ਮੁੱਦੇ ਹਨ। ਸਰਕਾਰ ਨੇ ਕੁੱਲ ਘਰੇਲੂ ਉਤਪਾਦ ਦੇ ਤਾਜ਼ਾ ਨਤੀਜੀ ਜਾਰੀ ਕੀਤੇ ਅਤੇ ਦਰਸਾਇਆ ਕਿ ਪਿਛਲੇ ਸਾਲ ਦੀ ਚੌਥੀ ਤਿਮਾਹੀ ਵਿੱਚ ਅਰਥ ਵਿਵਸਥਾ 1.6 ਫ਼ੀਸਦੀ ਦੀ ਦਰ ਨਾਲ ਵਧੀ ਹੈ ਅਤੇ ਇਹ ਆਸ ਅਨੁਸਾਰ ਬਿਹਤਰ ਹੈ, ਜਿਵੇਂ ਲੋਕਾਂ ਨੇ ਸੋਚਿਆ ਸੀ ਅਤੇ ਪਿਛਲੇ ਸਾਲ ਦੌਰਾਨ ਇੱਕ ਮਾਈਨਸ 7.3 ਫ਼ੀਸਦੀ ਤੱਕ ਸੁੰਗੜੀ ਅਤੇ ਇਹ ਇੰਨੀ ਬੁਰੀ ਨਹੀਂ ਹੈ, ਜਿੰਨਾ ਸਰਕਾਰ ਨੂੰ ਡਰ ਸੀ। ਮਹਾਮਾਰੀ ਦੀ ਦੂਸਰੀ ਲਹਿਰ ਨੇ ਬੇਸ਼ੱਕ ਅਰਥ ਵਿਵਸਥਾ ਨੂੰ ਮੁੜ ਸਥਾਪਿਤ ਕੀਤਾ ਹੈ ਅਤੇ ਇਸ ਖ਼ਬਰ ਦੇ ਕੁਝ ਚੰਗੇ ਅਤੇ ਕੁਝ ਮਾੜੇ ਪਹਿਲੂ ਹਨ। ਚੰਗਾ ਪਹਿਲੂ ਇਸ ਦੇ ਪੂਰੇ ਅੰਕੜੇ ਹਨ ਅਤੇ ਬੁਰਾ ਪਹਿਲੂ ਇਹ ਹੈ ਕਿ ਸਰਕਾਰ ਦੇ ਖਰਚ ਰਾਹੀਂ ਇਹ ਹਾਸਲ ਹੋਇਆ ਹੈ।

ਜੇ ਤੁਸੀਂ ਖਪਤ ਦੀ ਗੱਲ ਕਰੋ ਤਾਂ ਇਹ ਥੋੜ੍ਹੇ ਫ਼ੀਸਦੀ ਤੱਕ ਵਧੀ ਅਤੇ ਇਹ ਗ਼ਰੀਬ ਪਰਵਾਰ ਲਈ ਚਿੰਤਾ ਵਾਲੀ ਗੱਲ ਹੈ। ਅਮੀਰਾਂ ਲਈ ਇਹ ਚਿੰਤਾ ਦੀ ਗੱਲ ਨਹੀਂ। ਮਹਾਮਾਰੀ ਦੇ ਸਿੱਟੇ ਵਜੋਂ ਗ਼ਰੀਬ ਲੋਕ ਦਬਾਅ ਵਿੱਚ ਹਨ। ਉਨ੍ਹਾਂ ਦੇ ਖਰੀਦਣ ਦੀ ਸ਼ਕਤੀ ਇੱਕ ਦਮ ਧੁੰਦਲੀ ਹੋ ਚੁੱਕੀ ਹੈ। ਕੁਝ ਲੋਕ ਕਰਜ਼ੇ ਹੇਠ ਦੱਬ ਚੁੱਕੇ ਹਨ। ਅਰਥ ਵਿਵਸਥਾ ਨੂੰ ਮੁੜ ਤੋਂ ਪਟੜੀ ਉੱਤੇ ਲਿਆਉਣ ਲਈ ਗਰੀਬਾਂ ਨੂੰ ਦੇਖਣਾ ਹੋਵੇਗਾ ਤੇ ਉਨ੍ਹਾਂ ਵਿੱਚ ਭਰੋਸੇ ਦੀ ਭਾਵਨਾ ਜਗਾਉਣੀ ਹੋਵੇਗੀ। ਦੂਸਰੀ ਲਹਿਰ ਦੀ ਵੀ ਚਿੰਤਾ ਅਸੀਂ ਦੇਖੀ ਹੈ। ਇਹ ਉਚੇ ਵਰਗ ਦੇ ਨਾਲ-ਨਾਲ ਉਚੇ, ਦਰਮਿਆਨੇ ਵਰਗ ਤੱਕ ਵੀ ਫੈਲ ਰਹੀ ਹੈ।

ਖਪਤਕਾਰ ਦੀਆਂ ਭਾਵਨਾਵਾਂ ਦੇ ਢਹਿ-ਢੇਰੀ ਹੋਣ ਅਤੇ ਬੇਰੋਜ਼ਗਾਰੀ ਵਿੱਚ ਤੇਜ਼ੀ ਨਾਲ ਹੋਏ ਵਾਧੇ ਬਾਰੇ ਜਦੋਂ ਮੈਂ ਉਨ੍ਹਾਂ ਕੋਲੋਂ ਪੁੱਛਿਆ ਤਾਂ ਰਾਜਨ ਨੇ ਕਿਹਾ ਕਿ ਸਭ ਤੋਂ ਪਹਿਲਾਂ ਖਪਤਕਾਰਾਂ ਦੀਆਂ ਭਾਵਨਾਵਾਂ ਲੈਂਦੇ ਹਾਂ। ਸੀ ਐਮ ਆਈ ਈ ਅਨੁਸਾਰ ਮਾਰਚ ਦੇ ਆਖਰੀ ਹਫ਼ਤੇ ਤੋਂ ਇਹ 15 ਫ਼ੀਸਦੀ ਤੱਕ ਢਹਿ ਗਈ। ਅਸਲ ਵਿੱਚ 97 ਫ਼ੀਸਦੀ ਭਾਰਤੀ ਘਰੇਲੂ ਲੋਕ ਆਪਣੀ ਆਮਦਨ ਵਿੱਚ ਗਿਰਵਾਟ ਕਾਰਨ ਪੀੜਤ ਹੋਏ। ਰਘੂਰਾਮ ਰਾਜਨ ਦਾ ਕਹਿਣਾ ਹੈ ਕਿ ਪਹਿਲੀ ਤੋਂ ਵੱਧ ਇਹ ਦੂਸਰੀ ਲਹਿਰ ਦਾ ਪਸਾਰ ਤੇ ਇਸ ਦਾ ਪ੍ਰਭਾਵ ਜ਼ਿਆਦਾ ਹੈ। ਤੁਸੀਂ ਮੌਤਾਂ ਅਤੇ ਕੋਵਿਡ ਕੇਸਾਂ ਦੇ ਅਧਿਕਾਰਤ ਅੰਕੜਿਆਂ ਬਾਰੇ ਵੱਧ ਜਾਣਦੇ ਹੋ। ਫੀਡਬੈਕ ਇੰਜਣ 'ਪ੍ਰਾਸ਼ਨਮ' ਵੱਲੋਂ ਕੀਤੇ ਗਏ ਇੱਕ ਸਰਵੇ ਵਿੱਚ ਇਹ ਗੱਲ ਪਤਾ ਲੱਗੀ ਹੈ ਕਿ 17 ਫ਼ੀਸਦੀ ਲੋਕਾਂ ਨੇ ਆਪਣੇ ਕਿਸੇ ਨਾ ਕਿਸੇ ਨੂੰ ਗੁਆਇਆ ਹੈ। ਇਸੇ ਤਰ੍ਹਾਂ ਅਮਰੀਕਾ ਵਿੱਚ ਕੀਤੇ ਗਏ ਸਰਵੇ ਤੋਂ ਇਹ ਗੱਲ ਪਤਾ ਲੱਗੀ ਹੈ ਕਿ 19 ਫ਼ੀਸਦੀ ਲੋਕਾਂ ਨੇ ਮੰਨਿਆ ਹੈ ਕਿ ਉਨ੍ਹਾਂ ਦੇ ਕਿਸੇ ਨੇੜਲੇ ਸਬੰਧੀ ਦੀ ਮੌਤ ਜ਼ਰੂਰ ਹੋਈ ਅਤੇ ਜਦੋਂ ਤੁਸੀਂ ਮੌਤਾਂ ਦੇ ਅਨੁਮਾਨ ਦੇ ਨਾਲ ਗੁਣਾ ਕਰੋਗੇ ਤਾਂ ਇਹ ਵੱਡੀ ਗਿਣਤੀ ਹੋਵੇਗੀ।

ਬੇਰੋਜ਼ਗਾਰੀ ਮਈ ਵਿੱਚ 11.9 ਫ਼ੀਸਦੀ ਤੱਕ ਵਧੀ ਜੋ ਕਿ ਅਪ੍ਰੈਲ ਵਿੱਚ 8 ਫ਼ੀਸਦੀ ਸੀ। ਜਦੋਂ ਤੁਸੀਂ ਹੋਰ ਡੂੰਘਾਈ ਵਿੱਚ ਉਤਰੋ ਤਾਂ ਪਾਓਗੇ ਕਿ ਮਈ ਵਿੱਚ 15.3 ਮਿਲੀਅਨ ਨੌਕਰੀਆਂ ਗੁਆਚ ਗਈਆਂ। ਜਨਵਰੀ-ਅਪ੍ਰੈਲ ਮਹੀਨੇ ਦੇ ਮੱਧ ਵਿੱਚ 10 ਲੱਖ ਲੋਕਾਂ ਨੇ ਆਪਣਾ ਰੋਜ਼ਗਾਰ ਗੁਆ ਦਿੱਤਾ, ਜਿਸ ਦਾ ਭਾਵ ਹੈ ਕਿ ਇਸ ਸਾਲ ਦੇ ਪਹਿਲੇ ਪੰਜ ਮਹੀਨਿਆਂ ਵਿੱਚ 25 ਮਿਲੀਅਨ ਨੌਕਰੀਆਂ ਗੁਆ ਦਿੱਤੀਆਂ ਗਈਆਂ। ਅਜਿਹੇ ਸਵਾਲਾਂ ਉੱਤੇ ਬੋਲਦੇ ਹੋਏ ਡਾਕਟਰ ਰਘੂਰਾਮ ਰਾਜਨ ਨੇ ਕਿਹਾ ਕਿ ਇਹ ਬੁਰੀ ਗੱਲ ਹੈ। ਮੇਰਾ ਭਾਵ ਹੈ ਕਿ ਇਹ ਕੋਈ ਛੋਟੀ ਗਿਣਤੀ ਨਹੀਂ। ਜਿਵੇਂ ਅਸੀਂ ਪਹਿਲੇ ਲਾਕਡਾਊਨ ਵਿੱਚ ਦੇਖਿਆ ਕਿ ਜੇ ਅਸੀਂ ਨੌਕਰੀਆਂ ਗੁਆਉਣ ਦੀ ਗੱਲ ਕਰੀਏ ਤਾਂ ਇਹ ਵੱਡੀ ਗਿਣਤੀ ਸੀ। ਇਨ੍ਹਾਂ ਵਿੱਚੋਂ ਕੁਝ ਨੌਕਰੀਆਂ ਵਾਪਸ ਆ ਗਈਆਂ ਕਿਉਂਕਿ ਗਤੀਸ਼ੀਲਤਾ ਵਿੱਚ ਕਮੀ ਆਈ। ਮਹਾਮਾਰੀ ਦੇ ਫੈਲਣ ਦੇ ਡਰ ਨਾਲ ਲੋਕ ਚਿੰਤਤ ਹੋ ਕੇ ਆਪਣੇ ਘਰਾਂ ਵਿੱਚ ਰਹਿ ਰਹੇ ਹਨ। ਉਦਾਹਰਣ ਵਜੋਂ ਰੇਹੜੀ ਲਾਉਣ ਤੇ ਰੈਸਟੋਰੈਂਟ ਵਿੱਚ ਕੰਮ ਕਰਨ ਵਰਗਾ ਕੰਮ ਦਿਖਾਈ ਨਹੀਂ ਦਿੰਦਾ। ਸਭ ਤੋਂ ਪਹਿਲਾਂ ਸਾਨੂੰ ਮਹਾਮਾਰੀ ਨੂੰ ਤੇਜ਼ੀ ਨਾਲ ਕਾਬੂ ਕਰਨਾ ਹੋਵੇਗਾ। ਇਸ ਉੱਤੇ ਕਾਬੂ ਪਾਉਣ ਲਈ ਸਾਨੂੰਪੂਰੇ ਸਰੋਤ ਲਾ ਦੇਣੇ ਹੋਣਗੇ। ਇਸ ਦੇ ਇਲਾਵਾ ਲੋਕਾਂ ਦਾ ਟੀਕਾਕਰਨ ਵੀ ਜਲਦੀ ਕਰਨਾ ਹੋਵੇਗਾ ਤਾਂ ਕਿ ਲੋਕ ਆਸਵੰਦ ਰਹਿਣ।

ਚੀਨ ਮਹਾਮਾਰੀ ਤੋਂ ਪਹਿਲਾਂ ਦੇ ਵਾਧੇ ਵਾਲੇ ਰਾਹ ਉੱਤੇ ਦੌੜ ਪਿਆ ਹੈ, ਪਰ ਸਾਨੂੰ ਲੰਬਾ ਰਸਤਾ ਤੈਅ ਕਰਨਾ ਪੈਣਾ ਹੈ। ਅਸੀਂ ਉਸ ਪੱਧਰ ਤੋਂ ਵੀ ਹੇਠਾਂ ਹਾਂ, ਜੋ ਅਸੀਂ 2015-16 ਵਿੱਚ ਪਾ ਰਹੇ ਸੀ। ਸਾਡੀਆਂ ਸਮਰਥਾਵਾਂ ਵਿੱਚ ਕਮੀਆਂ ਦੇ ਤੌਰ ਉੱਤੇ ਸਾਡੇ ਲਈ ਵੱਡੀ ਹਾਨੀ ਹੈ। ਆਪਣੇ ਮਾਡਲ ਨੂੰ ਮੁੜ ਜ਼ਿੰਦਾ ਕਰਨ ਬਾਰੇ ਸੋਚਣ ਦੀ ਲੋੜ ਹੈ। ਨਵੇਂ ਰੋਜ਼ਗਾਰਾਂ ਦੇ ਸਿਰਜਣ ਦੀ ਲੋੜ ਹੈ ਕਿਉਂਕਿ ਲੱਗਭਗ ਹਰ ਮਹੀਨੇ ਕਿਰਤ ਬਲ ਵਿੱਚ 10 ਮਿਲੀਅਨ ਲੋਕ ਆ ਰਹੇ ਹਨ। ਲੋਕਾਂ ਨੂੰ ਉਹ ਸਮਰਥਨ ਚਾਹੀਦਾ ਹੈ, ਜਿਸ ਦੀ ਤਜਵੀਜ਼ ਮਨਰੇਗਾ ਰੱਖਦਾ ਹੈ। ਸਾਡੇ ਕੋਲ ਸ਼ਹਿਰੀ ਸਮਰਥਨ ਦੇ ਰੂਪ ਵਿੱਚ ਤੁਲਣਾ ਮਈ ਰੂਪ ਨਹੀਂ ਹੈ। ਸ਼ਹਿਰਾਂ ਵਿੱਚ ਗਰੀਬਾਂ ਲਈ ਕੋਈ ਸਮਰਥਨ ਨਹੀਂ ਹੈ, ਨਾ ਲੋਕਾਂ ਕੋਲ ਢੁੱਕਵਾਂ ਕੈਸ਼ ਟਰਾਂਸਫਰ ਹੈ। ਸਾਨੂੰ ਕੈਸ਼ ਟਰਾਂਸਫਰ ਨੂੰ ਵਧਾਉਣ ਹੋਵੇਗਾ ਕਿਉਂਕਿ ਗ਼ਰੀਬਾਂ ਦੀ ਜ਼ਿੰਦਗੀ ਪ੍ਰਭਾਵਿਤ ਹੋਈ ਹੈ, ਕਿਉਂਕਿ ਅਸੀਂ ਮਹਾਮਾਰੀ ਨਾਲ ਜੂਝ ਰਹੇ ਹਾਂ, ਇਸ ਲਈ ਸਾਨੂੰ ਗਰੀਬਾਂ ਲਈ ਖੁਰਾਕ ਸਮਰਥਨ ਵਧਾਉਣਾ ਹੋਵੇਗਾ।

# ਜਦੋਂ ਅਸੀਂ ਸਵਰਗ ਲੋਕ ਗਏ

-ਸੰਤੋਸ਼ ਤ੍ਰਿਵੇਦੀ

ਬੜਾ ਅਨੋਖਾ ਦ੍ਰਿਸ਼ ਸੀ। ਹਸਪਤਾਲ ਦੇ ਆਈ ਸੀ ਯੂ ਤੋਂ ਸਿੱਧਾ ਸਵਰਗ ਦੇ ਦਰਵਾਜ਼ੇ ਉੱਤੇ। ਮੈਂ ਇਕਦਮ ਹੈਰਾਨ ਸੀ। ਜਿਸ ਸਵਰਗ ਦੀਆਂ ਪਤਾ ਨਹੀਂ ਕਿਹੜੀਆਂ-ਕਿਹੜੀਆਂ ਕਲਪਨਾਵਾਂ ਕਰਦਾ ਸੀ, ਉਥੇ ਬਿਨਾਂ ਵੀਜ਼ਾ ਅਚਾਨਕ ਪਹੁੰਚ ਗਿਆ ਸੀ। ਪਰਲੋਕ ਵਿੱਚ ਮੇਰੀ ਹਾਜ਼ਰੀ ਦਾ ਪਤਾ ਲੱਗਦੇ ਸਾਰ ਦੋ ਭੱਦਰ-ਪੁਰਸ਼ ਮੇਰੇ ਨੇੜੇ ਆਏ। ਮੇਰੇ ਮੂੰਹ ਉੱਤੇ ਬੰਨ੍ਹੇ ਮਾਸਕ ਨੂੰ ਉਨ੍ਹਾਂ ਨੇ ਨੋਚ ਕੇ ਸੁੱਟ ਦਿੱਤਾ। ਮੈਂ ਪ੍ਰੋਟੋਕੋਲ ਦਾ ਹਵਾਲਾ ਦਿੱਤਾ ਤਾਂ ਉਨ੍ਹਾਂ ਵਿੱਚੋਂ ਇੱਕ ਨੇ ਸਪੱਸ਼ਟੀਕਰਨ ਦਿੱਤਾ, 'ਇਹ ਭੂ-ਲੋਕ ਨਹੀਂ, ਤੁਹਾਡੇ ਮਰਨ ਨਾਲ ਅਲਾਵਾਂ-ਬਲਾਵਾਂ ਖਤਮ। ਤੂੰ ਸਾਰੇ ਦੁੱਖਾਂ ਤੋਂ ਮੁਕਤੀ ਪਾ ਲਈ ਹੈ। ਇਥੇ ਹਵਾ, ਦਵਾ ਤੇ ਦੁਆ ਦੀ ਕੋਈ ਕਮੀ ਨਹੀਂ। ਇਹ ਸਥਾਨ ਇਕਦਮ ਵਾਇਰਸ ਪਰੂਫ ਹੈ। ਲੇਖਕ-ਆਤਮਾਵਾਂ ਲਈ ਇਥੇ ਹਮੇਸ਼ਾ ਬੈੱਡ ਵਿਹਲਾ ਹੁੰਦਾ ਹੈ। ਸਵਰਗ ਲੋਕ ਵਿੱਚ ਰਹਿਣ ਦੀਆਂ ਤੂੰ ਸਾਰੀਆਂ ਯੋਗਤਾਵਾਂ ਪੂਰੀਆਂ ਕਰਦਾ ਏਂ, ਇਸ ਲਈ ਤੇਰਾ ਸਵਾਗਤ ਹੈ।' ਅਜਿਹੇ ਮਿੱਠੇ ਵਚਨ ਸੁਣ ਕੇ ਮੈਂ ਮੰਤਰ ਮੁਗਧ ਹੋ ਗਿਆ। ਮੈਨੂੰ ਅੱਗੇ ਵਧਣ ਦਾ ਸੰਕੇਤ ਮਿਲਿਆ। ਸਵਰਗ ਦੁਆਰ ਦੇ ਦੋਵੇਂ ਪਾਸੇ ਅਪਸਰਾਵਾਂ ਖੜ੍ਹੀਆਂ ਮੁਸਕਰਾ ਰਹੀਆਂ ਸਨ। ਮੈਂ ਹੈਰਾਨ ਸੀ। ਜਿਊਂਦੇ-ਜੀਅ ਜਿਸ ਸਨਮਾਨ ਦੇ ਲਈ ਸਾਰੀ ਜ਼ਿੰਦਗੀ ਤਰਸਦਾ ਰਿਹਾ, ਇੱਕ ਵਾਇਰਸ ਨੇ ਪਲਕ ਝਪਕਦੇ ਹੀ ਉਸ ਤੋਂ ਮੈਨੂੰ ਨਿਹਾਲ ਕਰ ਦਿੱਤਾ ਸੀ।

ਅਚਾਨਕ ਇੱਕ ਸੁਕੰਨਿਆ ਅੱਗੇ ਵਧੀ ਤੇ ਅਜੀਬ ਜਿਹਾ ਮੰਤਰ ਮੇਰੇ ਚਿਹਰੇ ਅੱਗੇ ਕਰ ਦਿੱਤਾ: 'ਮੁਸਕਰਾਓ ਕਿ ਤੁਸੀਂ ਸਵਰਗ-ਲੋਕ ਵਿੱਚ ਹੋ।' ਇਸ ਅਨੋਖੀ ਬੇਨਤੀ ਤੋਂ ਮੈਂ ਸ਼ਸ਼ੋਪੰਜ ਵਿੱਚ ਪੈ ਗਿਆ। ਇਸ ਤੋਂ ਪਹਿਲਾਂ ਮੈਂ ਕਦੇ ਆਨ-ਡਿਮਾਂਡ ਮੁਸਕੁਰਾਹਟ ਦਾ ਡੈਮੋ ਨਹੀਂ ਦਿੱਤਾ ਸੀ। ਮੈਂ ਠੀਕ ਤਰ੍ਹਾਂ ਮੁਸਕਰਾਉਣ ਦੇ ਵਕਤ ਪੂਰੇ ਦੰਦ ਦਿਖਾ ਦਿੱਤੇ। ਉਸ ਨੇ ਕਿਹਾ, 'ਅਸੀਂ ਤੁਹਾਡੀ ਮੁਸਕੁਰਾਹਟ ਸਕੈਨ ਕਰਨੀ ਹੈ, ਦੰਦ ਨਹੀਂ। ਕ੍ਰਿਪਾ ਕਰ ਕੇ ਦੰਦ ਨਾ ਕੱਢੋ, ਸਿਰਫ ਮੁਸਕਰਾਓ।

ਇਸ ਵਾਰ ਦੀ ਬੇਨਤੀ ਕੁਝ ਗੁੱਸੇ ਭਰੀ ਸੀ। ਮੌਕਾ ਦੇਖਦੇ ਹੋਏ ਮੈਂ ਗੰਭੀਰ ਹੋ ਗਿਆ। ਉਸ ਦੇ ਕਹੇ ਮੁਤਾਬਕ ਮੈਂ ਓਨਾ ਹੀ ਮੂੰਹ ਖੋਲ੍ਹਿਆ, ਜਿੰਨੇ ਦੀ ਇਜਾਜ਼ਤ ਸੀ। ਇਸ ਵਾਰ ਟੈਸਟ ਵਿੱਚ ਪਾਸ ਹੋ ਗਿਆ। ਫਿਰ ਦੂਸਰੀ ਸੁਕੰਨਿਆ ਨੇ ਮੈਨੂੰ ਸੂਚਨਾ ਦਿੱਤੀ ਕਿ ਮੇਰੀ ਚਿਤਰਗੁਪਤ ਜੀ ਨਾਲ ਮੀਟਿੰਗ ਫਿਕਸ ਹੋਈ ਹੈ। ਸਾਨੂੰ ਸਭ ਨੂੰ ਸਿੱਧਾ ਉਨ੍ਹਾਂ ਕੋਲ ਚੱਲਣਾ ਚਾਹੀਦਾ ਹੈ। ਮੀਟਿੰਗ ਬਾਰੇ ਮੇਰੇ ਮਨ ਵਿੱਚ ਤੀਬਰ ਉਤਸੁਕਤਾ ਹੋਈ ਤੇ ਇੱਕ ਵਾਰ ਮਨ ਹੀ ਮਨ ਸਿਸਟਮ ਨੂੰ ਨਮਸਕਾਰ ਕਰ ਕੇ ਉਨ੍ਹਾਂ ਨਾਲ ਚੱਲ ਪਿਆ। ਥੋੜ੍ਹੀ ਦੇਰ ਵਿੱਚ ਅਸੀਂ ਚਿਤਰਗੁਪਤ ਦੇ ਬੰਗਲੇ ਵਿੱਚ ਸੀ। ਉਹ ਸੋਫੇ ਉੱਤੇ ਬਿਰ-ਾਜਮਾਨ ਸਨ ਅਤੇ ਸਾਹਮਣੇ ਦੀਵਾਰ ਉੱਤੇ ਸਕਰੀਨ ਵਿੱਚ ਪੂਰਾ ਨਰਕ ਲੋਕ ਦਿੱਸਦਾ ਸੀ। ਉਹ ਘਟਨਾਵਾਂ ਨੂੰ ਨਜ਼ਦੀਕ ਤੋਂ ਦੇਖਣਾ ਚਾਹੁੰਦੇ ਸਨ, ਇਸ ਲਈ ਵੱਡੀ ਸਕਰੀਨ ਦੇ ਥਾਂ ਉਸ ਨੂੰ ਆਪਣੀ ਹਥੇਲੀ ਵਿੱਚ ਉਤਾਰ ਲਿਆ। ਮੈਨੂੰ ਉਨ੍ਹਾਂ ਦਾ ਇਹ ਜਾਦੂ ਦੇਖ ਕੇ ਚੰਗਾ ਲੱਗਾ ਕਿ ਸਵਰਗ ਲੋਕ ਤਕਨੀਕ ਦੇ ਕੰਮ ਵਿੱਚ ਭੂ-ਲੋਕ ਤੋਂ ਕਾਫੀ ਅੱਗੇ ਹੈ। ਮੇਰੇ ਸਾਹਮਣੇ ਹੀ ਉਨ੍ਹਾਂ ਦੀ ਹਥੇਲੀ ਉੱਤੇ ਇੱਕ-ਇੱਕ ਕਰ ਕੇ ਸਾਰੇ ਚੈਨਲ ਖੁੱਲ੍ਹਣ ਲੱਗੇ। ਇਹ ਸਭ ਉਥੋਂ ਦੇ ਸਨ, ਜਿੱਥੋਂ ਮੈਨੂੰ ਡਿਪੋਰਟ ਕੀਤਾ ਗਿਆ ਸੀ। ਚਿਤਰ-ਗੁਪਤ ਜੀ ਪੁੱਛਣ ਲੱਗੇ, 'ਸੁਣਿਆ ਹੈ ਉਥੇ ਸਿਸਟਮ ਤੋਂ ਜ਼ਿਆਦਾ ਡਾਟਾ ਦੀ ਜਾਣਕਾਰੀ ਤੈਨੂੰ ਹੈ।'

ਆਪਣੀ ਪ੍ਰਸ਼ੰਸਾ ਸੁਣ ਕੇ ਮੈਂ ਨਾਰਮਲ ਬਣਿਆ ਰਿਹਾ। ਮੈਂ ਉਨ੍ਹਾਂ ਨੂੰ ਧੰਨਵਾਦ ਦੇ ਕੇ ਕਿਹਾ ਕਿ ਗੱਲ ਸਮਝਾਉਣ ਦੇ ਲਈ ਕੁਝ ਨਰਕੀ ਲੋਕ ਦੀਆਂ ਘਟਨਾਵਾਂ ਨੂੰ ਦੇਖਣ ਦੀ ਕੋਸ਼ਿਸ਼ ਕਰਦਾ ਹਾਂ। ਉਨ੍ਹਾਂ ਨੇ ਤੁਰੰਤ ਇੱਕ ਚੈਨਲ ਖੋਲ੍ਹਿਆ। ਕਾਫੀ ਲੋਕ ਮੱਝ ਗੱਡੀ ਵਿੱਚ ਲੱਦੇ ਹੋਏ ਨਰਕ ਵੱਲ ਜਾ ਰਹੇ ਸਨ। ਚਿਤਰਗੁਪਤ ਜੀ ਨੇ ਉਥੇ ਡਿਊਟੀ ਉੱਤੇ ਤੈਨਾਤ ਜਮਦੂਤ ਤੋਂ ਪੁੱਛਿਆ ਕਿ ਇੰਨੇ ਸਾਰੇ ਲੋਕ ਇੱਕ ਉੱਤੇ ਦੂਸਰਾ ਕਿਉਂ ਲੱਦੇ ਹੋਏ ਹਨ? 'ਇਨ੍ਹਾਂ ਨੇ ਬਹੁਤ ਵੱਡਾ ਗੁਨਾਹ ਕੀਤਾ ਹੈ। ਇਹ ਹਰ ਚੋਣ ਵਿੱਚ ਹਵਾ ਦੇਖ ਕੇ ਵੋਟ ਪਾਉਂਦੇ ਸਨ। ਉਸੇ ਦਾ ਫਲ ਹੈ ਕਿ ਬਿਨਾਂ ਹਵਾ ਤੇ ਦਵਾ ਦੇ ਇਨ੍ਹਾਂ ਨੂੰ ਮੁਕਤੀ ਦੇ ਦਿੱਤੀ ਗਈ।' ਜਮਦੂਤ ਨੇ ਉੱਤਰ ਦਿੱਤਾ। ਸੁਣ ਕੇ ਚਿਤਰਗੁਪਤ ਜੀ ਮੇਰੇ ਵੱਲ ਮੁਖਾਤਿਬ ਹੋਏ, 'ਕੁਝ ਗੜਬੜ ਸਮਝ ਆਈ?' ਮੈਂ ਇਸ ਦਾ ਭੇਤ ਖੋਲ੍ਹਦੇ ਹੋਏ ਦੱਸਿਆ; ਸਿਸਟਮ ਨੇ ਇਨ੍ਹਾਂ ਨੂੰ ਗਿਣਿਆ ਹੀ ਨਹੀਂ, ਕਿਉਂਕਿ ਕਿਸੇ ਹਸਪਤਾਲ ਜਾਂ ਘਾਟ ਵਿੱਚ ਇਨ੍ਹਾਂ ਦਾ ਰਿਕਾਰਡ ਨਹੀਂ ਹੈ। ਇਸ ਲਈ ਇੱਥੋਂ ਦੇ ਡਾਟੇ ਵਿੱਚ ਭਾਰੀ ਫਰਕ ਹੈ, ਪਰ ਤੁਸੀਂ ਚਿੰਤਾ ਨਾ ਕਰੋ, ਸਭ ਮੈਨੇਜ ਹੋ ਜਾਏਗਾ। ਬੱਸ, ਤੁਸੀਂ ਇਸ ਯੰਤਰ ਦੀ ਮੈਮਰੀ ਡਿਲੀਟ ਕਰ ਦਿਓ।

'ਵਾਹ, ਵਾਹ! ਕਿੰਨਾ ਜਲਦੀ ਹੱਲ ਕੱਢਿਆ ਹੈ ਤੂੰ! ਇਸ ਸਾਲ ਦਾ ਸਵਰਗ-ਪੀਠ ਸਨਮਾਨ ਤੈਨੂੰ ਦਿੱਤਾ ਜਾਏਗਾ।' ਇਹ ਸੁਣ ਕੇ ਮੇਰੇ ਭਲੇ ਗਲੇ ਵਿੱਚੋਂ ਆਵਾਜ਼ ਨਹੀਂ ਆ ਰਹੀ ਸੀ। ਮੈਂ ਤੜਫਣ ਲੱਗਾ ਸੀ ਕਿ ਸ੍ਰੀਮਤੀ ਜੀ ਨੇ ਝਿੰਜੋੜਿਆ, 'ਸ਼ਾਲੂ ਦੇ ਪਾਪਾ, ਓ ਸ਼ਾਲੂ ਦੇ ਪਾਪਾ! ਤੁਹਾਡਾ ਆਕਸੀਜਨ ਲੈਵਲ ਵਾਪਸ ਆ ਗਿਆ ਹੈ। ਤੁਸੀਂ ਇੱਥੇ ਹੀ ਹੋ।' ਮੈਂ ਇੱਕ ਝਟਕੇ ਵਿੱਚ ਹੀ ਸਵਰਗ ਤੋਂ ਫਿਰ ਨਰਕ ਵਿੱਚ ਆ ਡਿੱਗਾ।

# ਹਲਕਾ ਫੁਲਕਾ



ਪਿਤਾ (ਗੁੱਸੇ ਵਿੱਚ ਪੁੱਤਰ ਨੂੰ), "ਕੀ ਤੂੰ ਕਦੇ ਗਧਾ ਦੇਖਿਆ ਹੈ?"
ਪੁੱਤਰ, "ਜੀ ਹਾਂ।"
ਪਿਤਾ, "...ਅਤੇ ਉੱਲੂ?"
ਪੁੱਤਰ, "ਜੀ ਹਾਂ।"
ਪਿਤਾ, "ਤੇਰੀ ਸ਼ਕਲ ਦੋਵਾਂ ਵਰਗੀ ਹੈ।"
ਪੁੱਤਰ, "...ਪਰ ਮੰਮੀ ਤਾਂ ਕਹਿੰਦੀ ਹੈ ਕਿ ਮੇਰੀ ਸ਼ਕਲ ਬਿਲਕੁਲ ਤੁਹਾਡੇ ਵਰਗੀ ਹੈ।"

*********

ਗਾਹਕ (ਕਾਰ ਵਿਕਰੇਤਾ ਨੂੰ), "ਕਿਉਂ ਭਾਈ ਸਾਹਿਬ, ਤੁਹਾਡੀ ਕਾਰ ਵਿੱਚ ਕੋਈ ਨੁਕਸ ਤਾਂ ਨਹੀਂ?"
ਕਾਰ ਵਿਕਰੇਤਾ, "ਹੋਰ ਤਾਂ ਸਭ ਠੀਕ ਹੈ, ਪਰ ਹਾਰਨ ਨੂੰ ਛੱਡ ਕੇ ਇਸ ਦਾ ਸਭ ਕੁਝ ਵੱਜਦਾ ਹੈ।"

*********

ਬੰਟੀ, "ਕੱਲ੍ਹ ਰਾਤ ਸੰਨੀ ਨਾਲ ਮੇਰੀ ਲੜਾਈ ਹੋ ਗਈ, ਪਰ ਕੁਝ ਸੋਚ ਕੇ ਮੈਂ ਉਸ ਨੂੰ ਛੱਡ ਦਿੱਤਾ।"
ਅਨਿਲ, "ਕੀ ਸੋਚ ਕੇ ਛੱਡ ਦਿੱਤਾ?"
ਬੰਟੀ, "ਇਹੋ ਕਿ ਉਹ ਮੇਰੇ ਨਾਲੋਂ ਜ਼ਿਆਦਾ ਤਾਕਤਵਰ ਹੈ।"

**********

ਰਵੀ, "ਮੇਰੇ ਪਿਤਾ ਜੀ ਇੱਕ ਹੱਥ ਨਾਲ ਕਾਰਾਂ ਨੂੰ ਰੋਕ ਲੈਂਦੇ ਹਨ।"
ਸ਼ਾਮ, "ਫਿਰ ਤਾਂ ਤੇਰੇ ਪਿਤਾ ਜੀ ਪਹਿ-ਲਵਾਨ ਹੋਣਗੇ।"
ਰਵੀ, "ਨਹੀਂ, ਉਹ ਟਰੈਫਿਕ ਪੁਲਸ ਵਿੱਚ ਸਿਪਾਹੀ ਹਨ।"

Century 21

President Realty Inc
Brokerage*
Independently Owned and Operated.

Jagdish Grewal
Sales Repersentative

Call Now: (416)-970-5005

Email: Jagdish@grewalhomes.com

ਓਂਟਾਰੀਓ ਦੇ ਕਿਸੇ ਵੀ ਸ਼ਹਿਰ ਵਿਚ ਪ੍ਰਾਪਰਟੀ ਖਰੀਦਣ ਲਈ ਕਾਲ ਕਰੋ






Main & Vodden

2+1 ਬੈੱਡਰੂਮ ਬੰਗਲੋ 40x125 Sqft ਗੋ ਟਰਾਂਸਿਟ ਅਤੇ ਸਕੂਲ ਵਾਕਿੰਗ ਡਿਸਟੈਂਸ ਤੇ,ਅਤੇ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਦੇ ਨੇੜੇ !
ਕੀਮਤ $599,900




Bramalea And Avondale

3 + 1 ਬੈੱਡਰੂਮ ਘਰ ਦੇ ਵਿਚਕਾਰ ਬਿਲਟ ਇਨ ਫੈਮਿਲੀ ਸਾਈਜ ਕਿਚਨ ਅਪਗ੍ਰੇਡ ਤੇ ਹਜਾਰਾਂ ਡਾਲਰ ਖਰਚ ਕੀਤੇ ਹੋਏ ,ਸਕੂਲ , ਸ਼ੋਪਿੰਗ ਮਾਲ ਅਤੇ ਬੱਸ ਸਰਵਿਸ ਦੇ ਨੇੜੇ !
ਕੀਮਤ $ 859,900




Hwy 10/ Col Phillip

4+1 ਬੈੱਡਰੂਮ,2800 sqft. ਡਬਲ ਡੋਰ ਐਂਟਰੀ ,ਵੱਖਰੇ ਲਿਵਿੰਗ ਰੂਮ & ਫੈਮਿਲੀ ਰੂਮ ,ਮੀਡਿਆ ਰੂਮ, ਅਪਗ੍ਰੇਡ ਲਾਈਟ ਫਿਕਸਚਰ !
ਕੀਮਤ $ 899,000




Mavis & Derry

3 +2 ਬੈੱਡਰੂਮ ਘਰ ਵੱਖਰੀ ਐਂਟਰੈਸ ਵਾਲੀ ਬਣੀ ਹੋਈ ਬੇਸਮੈਂਟ,ਵਾਕਆਊਟ ਵੱਡਾ ਯਾਰਡ ,ਨਵੀ ਕਿਚਨ, ਸਕੂਲ , ਸ਼ੋਪਿੰਗ ਮਾਲ ਅਤੇ ਬੱਸ ਸਰਵਿਸ ਦੇ ਨੇੜੇ !
ਕੀਮਤ $ 980,000




Wanless Dr/ Van Kirk Dr

4+ 2 ਬੈੱਡਰੂਮ detached ਘਰ, 3500 sqft.,ਵਾਕਆਉਟ ਬੇਸਮੈਂਟ,ਸੈਪਰੇਟ ਲਿਵਿੰਗ ਰੂਮ ,ਫੋਰਮਲ ਡਾਈਨਿੰਗ ਰੂਮ, ਫੈਮਿਲੀ ਰੂਮਅਤੇ ਫਾਇਰਪ੍ਲੇਸ, ਗਰੇਨਾਇਟ ਕਾਊਂਟਰ,ਨਵਾਂ ਰੰਗ ਕੀਤਾ ਹੋਇਆ,
ਕੀਮਤ $ 1,299,900.

Buying / Selling / Investing In Real Estate

Free Market Evaluation

For More Listings Contact Now !!

(416) 970-5005

www.vipcondonetwork.com

80 Maritime Ontario Blvd #246 Brampton , ON, L6S 0E7   Call:905-488-2100   Fax: 905-488-2102

ਮੁੱਦਾ ਸਿੱਖ ਲਾਇਬ੍ਰੇਰੀ ਦਾ:

## ਅਸੀਂ ਪੁਰਾਣੇ ਤੇ ਮੌਜੂਦਾ ਅਧਿਕਾਰੀਆਂ ਨਾਲ ਮੀਟਿੰਗ ਵਿੱਚ ਹੱਲ ਲੱਭਣ ਦੀ ਕੋਸ਼ਿਸ਼ ਕੀਤੀ ਸੀ: ਰੂਪ ਸਿੰਘ



ਅੰਮ੍ਰਿਤਸਰ, 9 ਜੂਨ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਚੀਫਸੈਕਟਰੀ ਡਾਕਟਰ ਰੂਪ ਸਿੰਘ ਨੇ ਕਿਹਾ ਹੈ ਕਿ ਉਨ੍ਹਾਂ ਆਪਣੇ ਸੇਵਾ ਸਮੇਂ ਦੌਰਾਨ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਦਾ ਮਾਮਲਾ ਉੱਠਦੇ ਸਾਰ ਕਾਰਵਾਈ ਸ਼ੁਰੂ ਕਰ ਦਿੱਤੀ ਅਤੇ ਇਸ ਦਾ ਹੱਲ ਕੱਢਣ ਦਾ ਪੂਰਾ ਯਤਨ ਕੀਤਾ ਸੀ।

ਕੱਲ੍ਹ ਏਥੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਡਾਕਟਰ ਰੂਪ ਸਿੰਘ ਨੇ ਕਿਹਾ ਕਿ ਜਦ ਇਹ ਮੁੱਦਾ ਜਨਤਕ ਹੋਇਆ ਸੀ ਤਾਂ ਉਨ੍ਹਾਂ ਨੇ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਅਤੇ ਸਿੱਖ ਇਤਿਹਾਸ ਰਿਸਰਚ ਬੋਰਡ ਦੇ ਇੰਚਾਰਜਾਂ ਅਤੇ ਸ਼੍ਰੋਮਣੀ ਕਮੇਟੀ ਦੇ ਓਦੋਂ ਤੱਕ ਦੇਸੈਕਟਰੀਆਂ ਨੂੰ ਕਿਹਾ ਸੀ ਕਿ ਇਸ ਬਾਰੇ ਸਿਰ ਜੋੜ ਕੇ ਵਿਚਾਰ ਕੀਤੀ ਜਾਵੇ। ਓਦੋਂ ਕੁਝ ਅਧਿਕਾਰੀਆਂ ਨੂੰ ਛੱਡ ਕੇ ਬਾਕੀ ਸਾਰੇ ਅਧਿਕਾਰੀ ਵਿਚਾਰ ਲਈ ਆਏ ਅਤੇ ਸਿਰਫ਼ ਸ੍ਰੀ ਦਰਬਾਰ ਸਾਹਿਬ ਦੇ ਓਦੋਂ ਦੇ ਮੈਨੇਜਰ ਅਜਾਇਬ ਸਿੰਘ ਸ਼ਾਮਲ ਨਹੀਂ ਸੀ ਹੋਏ, ਜੋ ਪਹਿਲਾਂ ਤੋਂ ਹੀ ਸ਼ੱਕ ਦੇ ਘੇਰੇ ਵਿੱਚ ਸਨ। ਉਨ੍ਹਾਂ ਦੱਸਿਆ ਕਿ 13 ਜੂਨ 2019 ਨੂੰ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿੱਚ ਕਰੀਬ ਛੇ ਘੰਟੇ ਵਿਚਾਰ-ਵਟਾਂਦਰਾ ਹੋਇਆ ਸੀ ਤੇ ਮੀਟਿੰਗ ਦੀ ਸਾਰੀ ਕਾਰਵਾਈ ਦੀ ਵੀਡੀਓ ਰਿਕਾਰਡਿੰਗ ਕੀਤੀ ਗਈ ਤਾਂਕਿ ਭਵਿੱਖ ਵਿੱਚ ਕੋਈ ਵਿਅਕਤੀ ਆਪਣੇ ਬਿਆਨ ਨਾ ਬਦਲ ਸਕੇ। ਇਸ ਮੀਟਿੰਗ ਵਿੱਚ ਸ੍ਰੀ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਸਾਬਕਾ ਸੈਕਟਰੀ ਕੁਲਵੰਤ ਸਿੰਘ ਰੰਧਾਵਾ, ਜੋਗਿੰਦਰ ਸਿੰਘ ਅਦਲੀਵਾਲ, ਤਰਲੋਚਨ ਸਿੰਘ, ਦਲਮੇਘ ਸਿੰਘ ਅਤੇ ਡਾਕਟਰ ਅਨੁਰਾਗ ਸਿੰਘ ਤੇ ਮਾਮਲਾ ਚੁੱਕਣ ਵਾਲੇ ਸਤਿੰਦਰ ਸਿੰਘ, ਲਾਇਬ੍ਰੇਰੀਅਨ ਬਲਬੀਰ ਸਿੰਘ ਸਮੇਤ ਬਹੁਤ ਸਾਰੇ ਅਧਿਕਾਰੀ ਹਾਜ਼ਰ ਸਨ। ਰੂਪ ਸਿੰਘ ਨੇ ਕਿਹਾ ਕਿ ਅਸੀਂ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਦੇ ਮੌਜੂਦਾ ਲਾਇਬ੍ਰੇਰੀਅਨ ਨੂੰ ਕਿਹਾ ਸੀ ਕਿ ਤਿੰਨ ਸੂਚੀਆਂ ਬਣਾਵੇ, ਜਿਨ੍ਹਾਂ ਵਿੱਚੋਂ ਇੱਕ ਸੂਚੀ 1984 ਤੋਂ ਪਹਿਲਾਂ ਦੀ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਵਿੱਚ ਕੀ ਸੀ, ਦੂਸਰੀ ਫ਼ੌਜ ਕੀ ਲੈ ਗਈ ਅਤੇ ਕੀ-ਕੀ ਵਾਪਸ ਕੀਤਾ ਤੇ ਅਤੇ ਤੀਸਰੀ ਇਹ ਕਿ ਸਾਡੇ ਕੋਲ ਕੀ-ਕੀ ਹੈ। ਉਨ੍ਹਾਂ ਕਿਹਾ ਕਿ ਉਸ ਮੀਟਿੰਗ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇੱਕ ਹੱਥ ਲਿਖਤ ਸਰੂਪ ਬਾਰੇ ਚਰਚਾ ਵੀ ਹੋਈ, ਜਿਸ ਬਾਰੇ ਸਾਬਕਾ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਨੇ ਮੰਨਿਆ ਸੀਕਿ ਉਹ, ਅਜਾਇਬ ਸਿੰਘ ਤੇ ਸਾਬਕਾ ਪ੍ਰਚਾਰਕ ਬਲਬੀਰ ਸਿੰਘ ਚੰਗਿਆੜਾ ਇਹ ਸਰੂਪ ਲੈ ਕੇ ਵਿਦੇਸ਼ ਗਏ ਸਨ। ਇਸ ਮੀਟਿੰਗ ਵਿੱਚ ਇਹ ਵੀ ਵਿਚਾਰਿਆ ਗਿਆ ਕਿ ਬਲਬੀਰ ਸਿੰਘ ਚੰਗਿਆੜਾ ਕੋਲੋਂ ਵਿਦੇਸ਼ ਵਿੱਚ ਜਾ ਕੇ ਪੁੱਛਗਿੱਛ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਸਮੇਂ ਵਿੱਚ ਮਸਾਂ ਦੋ ਮੀਟਿੰਗਾਂ ਹੀ ਹੋਈਆਂ।

## ਕੋਟਕਪੂਰਾ ਗੋਲੀਕਾਂਡ ਮਾਮਲੇ ਵਿਚ ਸਾਬਕਾ ਮੁੱਖ ਮੰਤਰੀ ਬਾਦਲ ਦੇ ਓਦੋਂ ਵਾਲੇ ਪ੍ਰਿੰਸੀਪਲ ਸੈਕਟਰੀ ਅਤੇ ਨਿੱਜੀ ਸਹਾਇਕ ਤੋਂ ਪੁੱਛਗਿੱਛ

ਫਰੀਦਕੋਟ, 9 ਜੂਨ (ਪੋਸਟ ਬਿਊਰੋ)- ਕੋਟਕਪੂਰਾ ਗੋਲੀਕਾਂਡ ਦੀ ਪੜਤਾਲ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਦਫਤਰ ਤਕ ਵੀ ਪੁੱਜ ਗਈ ਹੈ। ਇਸ ਕੇਸ ਦੀ ਜਾਂਚ ਕਰਦੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਉਸ ਵੇਲੇ ਦੇ ਪ੍ਰਿੰਸੀਪਲ ਸੈਕਟਰੀ ਗਗਨਦੀਪ ਸਿੰਘ ਬਰਾੜ, ਨਿੱਜੀ ਸਹਾਇਕ ਗੁਰਚਰਨ ਸਿੰਘ, ਸਾਬਕਾ ਚੀਫ ਪਾਰਲੀਮੈਂਟਰੀ ਸੈਕਟਰੀ ਮਨਤਾਰ ਸਿੰਘ ਬਰਾੜ, ਫਰੀਦਕੋਟ ਡਵੀਜ਼ਨ ਦੇ ਸਾਬਕਾ ਕਮਿਸ਼ਨਰ ਵੀ ਕੇ ਮੀਣਾ ਅਤੇ ਦੋ ਹੋਰ ਉਚ ਪੁਲਸ ਅਧਿਕਾਰੀਆਂ ਤੋਂ ਪੁੱਛ-ਗਿੱਛ ਕੀਤੀ ਹੈ।

ਕਿਹਾ ਜਾਂਦਾ ਹੈ ਕਿ ਕੋਟਕਪੂਰਾ ਗੋਲੀ ਕਾਂਡ ਹੋਣ ਤੋਂ ਕੁਝ ਘੰਟੇ ਪਹਿਲਾਂ ਮਨਤਾਰ ਸਿੰਘ ਬਰਾੜ, ਗਗਨਦੀਪ ਸਿੰਘ ਬਰਾੜ, ਗੁਰਚਰਨ ਸਿੰਘ ਅਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਿਚਾਲੇ 157 ਵਾਰ ਗੱਲਬਾਤ ਹੋਈ ਸੀ। ਕੱਲ੍ਹ ਜ਼ਿਲਾ ਫਰੀਦਕੋਟ ਦੇ ਸਾਬਕਾ ਪੁਲਸ ਮੁਖੀ ਸੁਖਜਿੰਦਰ ਸਿੰਘ ਮਾਨ ਅਤੇ ਉਸ ਦਿਨ ਘਟਨਾ ਸਥਾਨ ਉੱਤੇ ਮੌਜੂਦ ਰਹੇ ਪੰਜਾਬ ਪੁਲਸ ਦੇ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਨੂੰ ਪੁੱਛਗਿੱਛ ਲਈ ਸੱਦਿਆ ਗਿਆ ਸੀ। ਪਤਾ ਲੱਗਾ ਹੈ ਕਿ ਮਨਤਾਰ ਸਿੰਘ ਬਰਾੜ ਨੇ ਜਾਂਚ ਟੀਮ ਨੂੰ ਦੱਸਿਆ ਕਿ 13 ਅਤੇ 14 ਅਕਤਬੂਰ ਦੀ ਰਾਤ ਉਹ ਆਪਣੇ ਘਰ ਮੌਜੂਦ ਸੀ ਅਤੇ ਸਵੇਰੇ ਕਰੀਬ ਇੱਕ ਤੋਂ ਦੋ ਵਜੇ ਦੌਰਾਨ ਉਸ ਨੂੰ ਫਰੀਦਕੋਟ ਡਵੀਜ਼ਨ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ ਅਤੇ ਐਸ ਐਸ ਪੀ ਮਿਲਣ ਆਏ ਸਨ ਤੇ ਉਨ੍ਹਾਂ ਕਿਹਾ ਸੀ ਕਿ ਉਹ ਮੁੱਖ ਮੰਤਰੀ ਦਫਤਰ ਨਾਲ ਗੱਲ ਕਰਨਾ ਚਾਹੁੰਦੇ ਹਨ, ਪਰ ਉਨ੍ਹਾਂ ਦਾ ਕੋਈ ਫੋਨ ਨਹੀਂ ਚੁੱਕ ਰਿਹਾ। ਇਸ ਉੱਤੇ ਉਨ੍ਹਾਂ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਓਦੋਂ ਦੇ ਪ੍ਰਿੰਸੀਪਲ ਸੈਕਟਰੀ ਗਗਨਦੀਪ ਸਿੰਘ ਬਰਾੜ ਅਤੇ ਨਿੱਜੀ ਸਹਾਇਕ ਗੁਰਚਰਨ ਸਿੰਘ ਰਾਹੀਂ ਉਨ੍ਹਾਂ ਨਾਲ ਗੱਲਬਾਤ ਕਰਾਈ। ਇਸ ਗੱਲਬਾਤ ਤੋਂ ਕਰੀਬ ਇੱਕ ਘੰਟਾ ਬਾਅਦ ਕੋਟਕਪੂਰਾ ਗੋਲੀ ਕਾਂਡ ਵਾਪਰ ਗਿਆ ਸੀ।ਇਸ ਬਾਰੇ ਜਾਂਚ ਟੀਮ 12 ਉਚ ਅਧਿਕਾਰੀਆਂ ਸਮੇਤ 60 ਲੋਕਾਂ ਦੇ ਬਿਆਨ ਦਰਜ ਕਰ ਚੁੱਕੀ ਹੈ। ਸੂਤਰਾਂ ਅਨੁਸਾਰ ਜਾਂਚ ਟੀਮ ਨੇ ਕੱਲ੍ਹ ਹਾਜ਼ਰ ਹੋਏ ਅਧਿਕਾਰੀਆਂ ਤੋਂ ਪੁੱਛਿਆ ਕਿ ਸਾਬਕਾ ਮੁੱਖ ਮੰਤਰੀ ਨੇ ਉਨ੍ਹਾਂ ਨਾਲ ਕੀ ਗੱਲ ਕੀਤੀ ਸੀ ਤੇ ਜੇ ਮੁੱਖ ਮੰਤਰੀ ਨੇ ਕੋਟਕਪੂਰੇ ਵਿੱਚ ਲੱਗੇ ਧਰਨੇ ਨੂੰ ਸ਼ਾਂਤਮਈ ਤਰੀਕੇ ਨਾਲ ਚੁੱਕਣ ਦੇ ਹੁਕਮ ਦਿੱਤੇ ਸਨ ਤਾਂ ਫਿਰ ਗੋਲੀ ਕਿਉਂ ਚਲਾਈ ਗਈ।

## ਕੈਪਟਨ ਅਮਰਿੰਦਰ ਸਿੰਘ ਨੇ ਕੋਰੋਨਾ ਅਤੇ ਗੰਭੀਰ ਰੋਗਾਂ ਲਈ ਰਿਸਰਚ ਫੈਸਿਲਟੀ ਦੀ ਤਜਵੀਜ਼ ਰੱਖੀ



ਚੰਡੀਗੜ੍ਹ, 9 ਜੂਨ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੋਵਿਡ ਵਰਗੀ ਮਹਾਮਾਰੀ ਤੇ ਹੋਰ ਗੰਭੀਰ ਰੋਗਾਂ ਨਾਲ ਨਿਪਟਣ ਲਈ ਰਾਸ਼ਟਰੀ ਤੇ ਹੋਰਨਾਂ ਸਿਹਤ ਮਾਹਰਾਂ ਦੀ ਅਗਵਾਈ ਹੇਠ ਰਿਸਰਚ ਫੈਸਿਲਟੀ ਦੀ ਤਜਵੀਜ਼ ਰੱਖੀ ਹੈ। ਉਨ੍ਹਾ ਕਿਹਾ ਕਿ ਕੋਵਿਡ ਦੇ ਮੁਕੰਮਲ ਖਾਤਮੇ ਤਕ ਸੰਕਟ ਨਾਲ ਸਿੱਝਣ ਵਿੱਚ ਮੈਡੀਕਲ ਭਾਈਚਾਰੇ ਨੂੰ ਉਨ੍ਹਾਂ ਦੀ ਸਰਕਾਰ ਦਾ ਪੂਰਾ ਸਹਿਯੋਗਰਹੇਗਾ। ਉਨ੍ਹਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਕੋਰੋਨਾ ਵਾਇਰਸ ਦੇ ਪਹਿਲਾਂ ਲਛਣ ਦਿਖਾਈ ਦੇਣ ਉੱਤੇ ਖੁਦ ਡਾਕਟਰ ਨਾ ਬਣਨ, ਸਗੋਂ ਡਾਕਟਰ ਦੀ ਸਲਾਹ ਲੈਣ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਸਰਕਾਰ ਵੱਲੋਂ ਕੋਵਿਡ ਦੇਇਲਾਜ ਲਈ ਬਣਾਏ ਗਏ ਰਾਜ ਦੇ ਸਿਹਤ ਮਾਹਰਾਂ ਦੇ ਗਰੁੱਪ ਦੀ ਵਰਚੂਅਲ ਮੀਟਿੰਗ ਕਰਾਈ ਤਾਂ ਇਸਦੌਰਾਨ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਦੇ 250 ਸਿਹਤ ਮਾਹਿਰਾਂ ਦੇ ਇਲਾਵਾ ਚਾਰ ਵਿਦੇਸ਼ੀ ਡਾਕਟਰਾਂ ਨੇ ਵੀ ਹਿੱਸਾ ਲਿਆ। ਕੋਵਿਡ ਇਲਾਜ ਪ੍ਰਬੰਧ ਗਰੁੱਪ ਦੇ ਮੁਖੀ ਡਾ. ਕੇ ਕੇ ਤਲਵਾੜ ਅਤੇ ਉਨ੍ਹਾਂ ਦੀ ਟੀਮ ਦੇ ਨਾਲ ਹੋਰ ਡਾਕਟਰਾਂ ਦੀ ਸ਼ਾਨਦਾਰ ਕਾਰਗੁਜਾਰੀ ਲਈ ਧੰਨਵਾਦ ਕਰਦੇ ਹੋਏ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਸੰਭਵੀ ਤੀਸਰੀ ਲਹਿਰ ਦੇ ਟਾਕਰੇ ਦੀ ਤਿਆਰੀ ਕਰ ਰਿਹਾ ਹੈ।

ਇਸ ਤੋਂ ਪਹਿਲਾਂ ਡਾਕਟਰ ਤਲਵਾੜ ਨੇ ਕਿਹਾ ਕਿ ਅੱਜ ਦੀ ਮੀਟਿੰਗ ਦਾ ਉਦੇਸ਼ ਇਲਾਜ ਪ੍ਰੋਟੋਕੋਲ, ਡਾਕਟਰਾਂ ਨੂੰ ਸਲਾਹ-ਮਸ਼ਵਰਾ ਦੇਣਾ ਤੇ ਕੋਵਿਡ ਮਰੀਜ਼ਾਂ ਦੇ ਇਲਾਜ ਪ੍ਰਬੰਧਾਂ ਲਈ ਦਿਸ਼ਾ-ਨਿਰਦੇਸ਼ ਜਾਰੀ ਕਰਨਾ ਹੈ। ਉਨ੍ਹਾਂ ਕਿਹਾ ਕਿ ਪੀ ਜੀ ਆਈ ਦੇ ਮਾਹਿਰਾਂ ਦੇ ਨਾਲ ਅਮਰੀਕਾ, ਯੂ ਕੇ ਅਤੇ ਹੋਰ ਮੁਲਕਾਂ ਤੋਂ ਮਾਹਿਰ ਉਨ੍ਹਾਂ ਸੈਸ਼ਨਾਂ ਵਿੱਚ ਹਿੱਸਾ ਲੈ ਰਹੇ ਹਨ।ਨਿਊਯਾਰਕ ਤੋਂ ਸਲਾਹਕਾਰ ਡਾਕਟਰ ਅਨੂਪ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਹਸਪਤਾਲ ਨੇ ਉਨ੍ਹਾਂਕੇਸਾਂ ਨਾਲ ਨਿਪਟਣ ਦੇ ਤਜ਼ੁਬੇ ਸਾਂਝੇ ਕੀਤੇ ਸੀ, ਜਦੋਂ ਸਿਹਤ ਬਾਰੇ ਬੁਨਿਆਦੀ ਢਾਂਚੇ ਦੀ ਹਾਲਤ ਡਾਵਾਂਡੋਲ ਸੀ।

## ਜਾਅਲੀ ਸ਼ਰਾਬ ਕੇਸ ਦੀ ਜਾਂਚ ਲਈ ਤਿੰਨ ਮੈਂਬਰੀ ਟੀਮ ਬਣਾਈ

ਮੁਕਤਸਰ ਸਾਹਿਬ, 9 ਜੂਨ (ਪੋਸਟ ਬਿਊਰੋ)- ਜਾਅਲੀ ਸ਼ਰਾਬ ਮਾਮਲੇ ਉੱਤੇ ਸੂਬਾਈ ਸਿਆਸਤ ਭਖਣ ਮਗਰੋਂ ਪੁਲਸ ਨੇ ਢਿੱਲੀ ਪੜਤਾਲ ਨੂੰ ਤੇਜ਼ ਕਰਦੇ ਹੋਏ ਆਖ਼ਰ 18 ਦਿਨਾਂ ਬਾਅਦ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਬਣਾ ਦਿੱਤੀ ਹੈ। ਇਸ ਦੌਰਾਨ ਅਦਾਲਤ ਨੇ ਤਿੰਨ ਦੋਸ਼ੀਆਂ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਹੈ।

ਜ਼ਿਲ੍ਹਾ ਪੁਲਸ ਮੁਖੀ ਵੱਲੋਂ ਪੰਜਾਬ ਬਿਊਰੋ ਆਫ਼ ਇਨਵੈਸਟੀਗੇਸ਼ਨ (ਪੀ ਬੀ ਆਈ) ਹੇਠ ਬਣਾਈ ਐੱਸ ਆਈ ਟੀ ਦੇ ਮੁਖੀ ਜ਼ਿਲ੍ਹਾ ਮੁਕਤਸਰ ਸਾਹਿਬ ਦੇ ਐਸ ਪੀ (ਪੀ ਬੀ ਆਈ) ਕੁਲਵੰਤ ਰਾਏ ਬਣਾਏ ਗਏ ਅਤੇ ਡੀ ਐਸ ਪੀ (ਡੀ) ਜਸਮੀਤ ਸਿੰਘ ਅਤੇ ਸੀ ਆਈ ਏ ਮੁਖੀ ਸੁਖਜੀਤ ਸਿੰਘ ਮੈਂਬਰ ਹੋਣਗੇ। ਇਸ ਜਾਂਚ ਟੀਮ ਨੂੰ ਮੁੱਢਲਾ ਪੜਤਾਲੀਆ ਸਮਾਂ ਇੱਕ ਮਹੀਨਾ ਦਿੱਤਾ ਦੱਸਿਆ ਜਾਂਦਾ ਹੈ। ਵਰਨਣ ਯੋਗ ਹੈ ਕਿ ਜਿੱਥੋਂ ਸ਼ਰਾਬ ਫੈਕਟਰੀ ਚੱਲਦੀ ਫੜੀ ਸੀ, ਉਸ ਬਾਗ਼ ਦੀ ਮਾਲਕੀ ਬਾਰੇ ਫਰਦ ਦਾ ਕੇਸ ਤਹਿਸੀਲਾਂਦੀ ਹੜਤਾਲ ਕਾਰਨ ਹੀ ਕਾਫ਼ੀ ਦਿਨ ਅਟਕਿਆ ਰਿਹਾ ਸੀ। ਬੀਤੀ 22 ਮਈ ਨੂੰ ਐਕਸਾਈਜ ਵਿਭਾਗ ਪੰਜਾਬ ਦੀ ਉਚ ਪੱਧਰੀ ਟੀਮ ਤੇ ਪੁਲਸ ਨੇ ਐਸ ਐਸ ਆਰ ਡਿਸਟਿਲਰੀ ਬਾਟਲਿੰਗ ਪਲਾਂਟ ਬਾਦਲ ਅਤੇ ਇੱਕ ਬਾਗ ਵਿੱਚ ਬਣੇ ਕਮਰਿਆਂ ਵਿੱਚ ਛਾਪਾ ਮਾਰਿਆ ਤਾਂ ਭਾਰੀ ਮਾਤਰਾ ਵਿੱਚ ਖ਼ਾਲੀ ਬੋਤਲਾਂ ਈ ਐਨ ਏ, ਸ਼ਰਾਬ, ਸ਼ਰਾਬਾਂ ਦੇ ਸਟਿੱਕਰ, ਨਕਲੀ ਹੋਲੋਗਰਾਮ ਤੇ ਢੱਕਣ ਮਿਲੇ ਸਨ।

## ‘ਫਤਿਹ ਕਿੱਟ’ ਖਰੀਦ ਵਿੱਚ ਹੋਏ ਭ੍ਰਿਸ਼ਟਾਚਾਰ ਬਾਰੇ ਰਾਘਵ ਚੱਢਾ ਵੱਲੋਂ ਲੋਕਪਾਲ ਨੂੰ ਸ਼ਿਕਾਇਤ



ਚੰਡੀਗੜ੍ਹ, 9 ਜੂਨ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਨੇ ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਸਰਕਾਰ ਵੱਲੋਂ ਪੰਜਾਬ ਵਿੱਚ ਕੋਰੋਨਾ ਵਾਇਰਸ ਦੇ ਮਰੀਜ਼ਾਂ ਲਈ ‘ਫਤਿਹ ਕਿੱਟ' ਖਰੀਦਣ ਵਿੱਚ ਭ੍ਰਿਸ਼ਟਾਚਾਰ ਦੀ ਸ਼ਿਕਾਇਤ ਪੰਜਾਬ ਦੇ ਲੋਕਪਾਲ ਨੂੰ ਕਰ ਕੇ ਮੰਗ ਕੀਤੀ ਹੈ ਕਿ ਮਹਾਮਾਰੀ ਦੇ ਦੌਰਾਨ ਪੰਜਾਬ ਦੇ ਖਜ਼ਾਨੇ ਦਾ ਭਾਰੀ ਆਰਥਿਕ ਕਰਨਦੇ ਜ਼ਿੰਮੇਵਾਰ ਰਾਜਨੀਤਕ ਅਤੇ ਪ੍ਰਸ਼ਾਸਨਿਕ ਵਿਅਕਤੀਆਂ ਦੇ ਖ਼ਿਲਾਫ਼ ਕਰਵਾਈ ਕੀਤੀ ਜਾਵੇ।

ਰਾਘਵ ਚੱਢਾ, ਜਿਹੜੇ ਆਮ ਆਦਮੀ ਪਾਰਟੀ ਦੀ ਕੇਂਦਰੀ ਕਮਾਂਡ ਵੱਲੋਂ ਪੰਜਾਬ ਦੇ ਕੋ-ਇੰਚਾਰਜ ਹਨ, ਨੇ ਕਿਹਾ ਕਿ ਸ਼ਿਕਾਇਤ ਇੱਕ ਪੰਜਾਬੀ, ਇੱਕ ਪ੍ਰਤੀਨਿਧੀ ਅਤੇ ਮੁੱਖ ਵਿਰੋਧੀ ਧਿਰ ਦੇ ਕੋ-ਇੰਚਾਰਜ ਵਜੋਂ ਆਪਣੀ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਲਿਖੀ ਅਤੇਕੋਵਿਡ-19 ਮਹਾਮਾਰੀ ਦੌਰਾਨ ਮੌਜੂਦਾ ਕਾਂਗਰਸ ਸਰਕਾਰ ਹੇਠ ਪ੍ਰਸ਼ਾਸਨ ਵੱਲੋਂ ਕੀਤੇ ਗਏ ਭ੍ਰਿਸ਼ਟਾਚਾਰ ਤੋਂ ਪ੍ਰਭਾਵਿਤ ਹੋ ਰਹੇ ਪੰਜਾਬ ਵਾਸੀਆਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਉਨ੍ਹਾਂ ਨੇ ਲੋਕਪਾਲ ਨੂੰ ਦਖ਼ਲ ਦੇਣ ਲਈ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਮੁਸੀਬਤ ਸਮੇਂ ਇੰਨੇ ਵੱਡੇ ਪੱਧਰ ਉੱਤੇ ਘਪਲੇ ਦੀ ਯੋਜਨਾ ਬਣਾਉਣ ਵਿੱਚ ਰਾਜਨੀਤਕ ਕਾਰਜ ਪ੍ਰਣਾਲੀ ਦੀ ਮਿਲੀਭੁਗਤ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਰਾਘਵ ਚੱਢਾ ਨੇ ਲੋਕਪਾਲ ਨੂੰ ਅਪੀਲ ਕੀਤੀ ਹੈ ਕਿ ਕੋਰੋਨਾ ਮਹਾਮਾਰੀ ਦੇ ਦੌਰ ਵਿੱਚ ਹੋਏ ਭ੍ਰਿਸ਼ਟਾਚਾਰ ਦੀ ਡੂੰਘਾਈ ਨੂੰ ਸਮਝ ਕੇ ਤੁਰੰਤ ਕਾਰਵਾਈ ਅਮਲ ਵਿੱਚ ਲਾਉਣ ਅਤੇ ਇਸ ਵਿੱਚ ਸ਼ਾਮਲ ਆਦਮੀਆਂ ਖ਼ਿਲਾਫ਼ ਕਾਰਵਾਈ ਕਰਨ।

## ਬੈਸਟ ਰੂਮ ਸਰਵਿਸ ਨਾ ਦੇਣ ਉਤੇ ਹੋਟਲ ਨੂੰ 10 ਹਜ਼ਾਰ ਹਰਜਾਨਾ

ਚੰਡੀਗੜ੍ਹ, 9 ਜੂਨ (ਪੋਸਟ ਬਿਊਰੋ)- ਇੱਕ ਕਸਟਮਰ ਵੱਲੋਂ 46 ਹਜ਼ਾਰ ਰੁਪਏ ਮੈਂਬਰਸ਼ਿਪ ਫੀਸ ਜਮ੍ਹਾਂ ਕਰਵਾਈ ਹੋਣ ਦੇ ਬਾਵਜੂਦ ਉਸ ਨੂੰ ਹੋਟਲ ਵਿੱਚ ਬਿਹਤਰ ਰੂਮ ਸਰਵਿਸ ਨਹੀਂਮਿਲੀ। ਉਸ ਵੱਲੋਂ ਕੀਤੀ ਗਈ ਸ਼ਿਕਾਇਤ ਉੱਤੇ ਜ਼ਿਲਾ ਕੰਜ਼ਿਊਮਰ ਫੋਰਮ ਨੇ ਸਟਰਲਿੰਗ ਹਾਲੀਡੇ ਰਿਜ਼ਾਰਟ ਕੰਪਨੀ ਨੂੰ 10 ਹਜ਼ਾਰ ਰੁਪਏ ਹਰਜਾਨਾ ਕੀਤਾ ਹੈ।

ਇਹ ਫੈਸਲਾ ਕਮਿਸ਼ਨ ਨੇ ਸੈਕਟਰ-37 ਦੇ ਆਦਿੱਤਯ ਅਰੋੜਾ ਦੀ ਸ਼ਿਕਾਇਤ ਉੱਤੇਕੀਤਾ ਹੈ। ਸ਼ਿਕਾਇਤ ਵਿੱਚ ਅਰੋੜਾ ਨੇ ਦੱਸਿਆ ਸੀ ਕਿ ਕੰਪਨੀ ਦੇ ਕਹਿਣ ਉੱਤੇ ਉਨ੍ਹਾਂ ਨੇ ਹਾਲੀਡੇ ਡਿਜ਼ਾਇਰ ਮੈਂਬਰਸ਼ਿਪ ਪਲਾਨ ਲੈ ਲਿਆ ਸੀ, ਜੋ 25 ਸਾਲ ਲਈ ਦੋ ਲੱਖ 37 ਹਜ਼ਾਰ ਰੁਪਏ ਦਾ ਸੀ। ਉਹ ਕੁੱਲ 46 ਹਜ਼ਾਰ 927 ਰੁਪਏ ਜਮ੍ਹਾ ਕਰਵਾ ਚੁੱਕੇ ਸਨ। ਕੰਪਨੀ ਨੇ ਕਿਹਾ ਸੀ ਕਿ ਇਸ ਪਲਾਨ ਹੇਠ ਉਨ੍ਹਾਂ ਨੂੰ ਬਿਹਤਰ ਸਟੈਂਡਰਡ ਦੇ ਹੋਟਲ, ਰੂਮਜ਼, ਹਾਸਪੀਟੈਲਿਟੀ ਤੇ ਬੈਸਟ ਕੈਟਰਿੰਗ ਸਰਵਿਸ ਦਿੱਤੀ ਜਾਏਗੀ। ਇਸ ਮੈਂਬਰਸ਼ਿਪ ਹੇਠ ਉਨ੍ਹਾਂ ਨੂੰ ਚਾਰ ਰਾਤਾਂ ਅਤੇ ਪੰਜ ਦਿਨ ਦਾ ਫ੍ਰੀ ਹਾਲੀਡੇ ਪੈਕੇਜ ਦਿੱਤਾ ਗਿਆ ਸੀ। ਅਰੋੜਾ ਨੇ ਸ਼ਿਕਾਇਤ ਵਿੱਚ ਕਿਹਾ ਕਿ ਉਨ੍ਹਾਂ ਮਸੂਰੀ ਵਿਚ ਕੰਪਨੀ ਦੇ ਇੱਕ ਹੋਟਲ ਦੀ ਬੁਕਿੰਗ ਕਰਾਈ, ਪਰ ਉਥੇ ਸਰਵਿਸ ਦੇਖ ਕੇ ਹੈਰਾਨ ਰਹਿ ਗਏ। ਰੂਮ ਬੇਹੱਦ ਖਰਾਬ ਸਨ ਤੇ ਉਥੇ ਕਾਫੀ ਗੰਦਗੀ ਸੀ। ਉਨ੍ਹਾਂ ਨੇ ਇਸ ਬਾਰੇ ਕੰਪਨੀ ਨੂੰ ਦੱਸ ਕੇ ਮੈਂਬਰਸ਼ਿਪ ਕੈਂਸਲ ਕਰ ਕੇ ਰਿਫੰਡ ਦੇਣ ਨੂੰ ਕਿਹਾ, ਪਰ ਕੰਪਨੀ ਨੇ ਉਨ੍ਹਾਂ ਦੀ ਗੱਲ ਨਹੀਂ ਸੀ ਸੁਣੀ। ਜਿਸ ਉੱਤੇ ਉਨ੍ਹਾਂ ਨੇ ਕੰਪਨੀ ਦੇ ਖਿਲਾਫ ਕੰਜ਼ਿਊਮਰ ਕਮਿਸ਼ਨ ਵਿੱਚ ਕੇਸ ਫਾਈਲ ਕੀਤਾ।

## ਪ੍ਰਸ਼ਾਂਤ ਕਿਸ਼ੋਰ ਦੀ ਅੱਠ ਮੈਂਬਰੀ ਟੀਮ ਫਿਰ ਪੰਜਾਬ ਆਣ ਪਹੁੰਚੀ

ਜਲੰਧਰ, 9 ਜੂਨ (ਪੋਸਟ ਬਿਊਰੋ)- ਅਗਲੇ ਸਾਲ ਪੰਜਾਬ ਵਿੱਚ ਹੋਣ ਵਾਲੀ ਵਿਧਾਨ ਸਭਾ ਚੋਣਾਂ ਦੀ ਸਿਆਸੀ ਦਲਾਂ ਨੇ ਤਿਆਰੀ ਸ਼ੁਰੂ ਕਰ ਦਿੱਤੀ ਹੈ। ਕਾਂਗਰਸ ਪਾਰਟੀ ਨੇ ਵੀ ਏਥੇ ਦੁਬਾਰਾ ਸੱਤਾ ਹਾਸਲ ਕਰਨ ਲਈ ਚੋਣਾਂ ਦੇ ਮਾਹਰ ਪ੍ਰਸ਼ਾਂਤ ਕਿਸ਼ੋਰ ਦੀ ਟੀਮ ਨਾਲ ਕੰਮ ਸ਼ੁਰੂ ਕਰ ਦਿੱਤਾ ਅਤੇ ਉਸ ਦੀ ਟੀਮ ਪੰਜਾਬ ਵਿੱਚ ਆ ਗਈ ਹੈ।

ਮਿਲੀ ਸੂਚਨਾ ਮੁਤਾਬਕ ਪੰਜਾਬ ਕਾਂਗਰਸ ਲਈ ਟੀਮ ਪ੍ਰਸ਼ਾਂਤ ਕਿਸ਼ੋਰ ਦਾ ਇੱਕ ਯੂਨਿਟ ਆ ਚੁੱਕਾ ਹੈ। ਇਸ ਟੀਮ ਨੂੰ ਕੋਰ ਕਮੇਟੀ ਵਜੋਂ ਜਾਣਿਆ ਜਾਂਦਾ ਹੈ, ਜੋ ਪੰਜਾਬ ਵਿੱਚ ਮੌਜੂਦਾ ਹਾਲਾਤ ਉੱਤੇ ਡੈਟਾ ਇਕੱਠਾ ਕਰਨ ਤੋਂ ਲੈ ਕੇ ਸਾਰੇ ਕੰਮ ਕਰੇਗੀ। ਇਹ ਵੀ ਖ਼ਬਰ ਹੈ ਕਿ ਇਸ ਮੁਹਿੰਮ ਲਈ ਕੰਮ ਕਰ ਰਹੀ ਟੀਮ ਦੇ ਅੱਠ ਮੈਂਬਰ ਚੰਡੀਗੜ੍ਹ ਆ ਚੁੱਕੇ ਹਨ ਅਤੇਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣਾਉਣ ਦੀ ਨੀਤੀ ਉੱਤੇ ਕੰਮ ਸ਼ੁਰੂ ਹੋ ਗਿਆ ਹੈ, ਇਸ ਲਈ ਅੱਠ ਮਾਹਰਾਂ ਦੀ ਟੀਮ ਕੱਲ੍ਹ ਚੰਡੀਗੜ੍ਹ ਪਹੁੰਚ ਗਈ ਸੀ, ਜਿਸ ਨੇ ਪੰਜਾਬ ਦੇ ਚਾਰ ਜ਼ੋਨਾਂ ਮਾਝਾ, ਮਾਲਵਾ, ਦੋਆਬਾ ਅਤੇ ਕੰਢੀ ਖੇਤਰ ਦੇ ਹਿਸਾਬ ਨਾਲ ਕੰਮ ਸ਼ੁਰੂ ਕਰ ਦਿੱਤਾ ਹੈ। ਦੱਸਿਆ ਜਾਂਦਾ ਹੈ ਕਿ ਹਰ ਖੇਤਰ ਵਿੱਚ ਦੋ ਸਟ੍ਰੈਟਜਿਸਟਸ ਲਾਏ ਹਨ, ਜੋ ਇਨ੍ਹਾਂ ਇਲਾਕਿਆਂ ਬਾਰੇ ਪੂਰੀ ਜਾਣਕਾਰੀ ਇਕੱਠੀ ਕਰਕੇ ਟੀਮ ਨੂੰ ਕੰਟਰੋਲ ਕਰਦੇ ਹੈਡ ਨੂੰ ਦੇਣਗੇ।ਚੰਡੀਗੜ੍ਹ ਵਿੱਚ ਟੀਮ ਪੀ ਕੇ (ਪ੍ਰਸ਼ਾਂਤ ਕਿਸ਼ੋਰ) ਨੇ ਜੋ ਕੰਮ ਸ਼ੁਰੂ ਕੀਤਾ ਹੈ, ਉਸ ਲਈ ਦੋ ਤਰ੍ਹਾਂ ਦੀ ਸਟ੍ਰੈਟਜੀ ਬਣਾਈ ਹੈ, ਇੱਕ ਵਿੱਚ ਪੰਜਾਬ ਵਿੱਚ ਕਾਂਗਰਸ ਦੇ ਹੱਕ ਵਿੱਚ ਮੁਹਿੰਮ ਚਲਾਈ ਜਾਣੀ ਸ਼ਾਮਲ ਹੈ ਤਾਂ ਦੂਜੀ ਸਭ ਤੋਂ ਵੱਡੀ ਮੁਹਿੰਮ ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਇਮੇਜ ਬਿਲਡਿੰਗ ਲਈ ਵੱਖਰਾ ਵਿਭਾਗ ਬਣਾਇਆ ਗਿਆ ਹੈ, ਜਿਹੜਾ ਮੁੱਖ ਮੰਤਰੀ ਦੇ ਕੰਮਾਂ ਦਾ ਪ੍ਰਚਾਰ ਕਰਕੇ ਉਨ੍ਹਾਂ ਦੀ ਇਮੇਜ ਬਣਾਵੇਗਾ।ਦੂਜੀ ਟੀਮ ਇਸ ਦੌਰਾਨ ਪੰਜਾਬ ਵਿੱਚ ਕਾਂਗਰਸ ਦੇ ਪੱਖ ਵਿੱਚ ਚੋਣ ਪ੍ਰਚਾਰ ਮੁਹਿੰਮ ਚਲਾਵੇਗੀ ਅਤੇ ਸੂਬੇ ਵਿੱਚ ਹੋਏ ਬਿਹਤਰ ਕੰਮਾਂ ਨੂੰ ਪ੍ਰਚਾਰਤ ਕੀਤਾ ਜਾਵੇਗਾ, ਜਦਕਿ ਸਰਕਾਰ ਵਿਰੁੱਧ ਜਾਣ ਵਾਲੇ ਮਸਲਿਆਂ ਨੂੰ ਲੈ ਕੇ ਟੀਮ ਸਰਕਾਰ ਦੀ ਇਮੇਜ ਸੁਧਾਰਨ ਦੀ ਕੋਸ਼ਿਸ਼ ਕਰੇਗੀ।

ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣਾਉਣ ਲਈ ਆਈ ਟੀਮ ਪੀ ਕੇ ਵਾਸਤੇ ਚੰਡੀਗੜ੍ਹ ਦੇ ਸੈਕਟਰ ਦੋ ਵਿੱਚ ਮੁੱਖ ਮੰਤਰੀ ਦੀ ਸਰਕਾਰੀ ਕੋਠੀ ਵਿੱਚ ਕੈਂਪ ਆਫਿਸ ਬਣਾਇਆ ਗਿਆ ਹੈ, ਜਿੱਥੋਂ ਮੁਹਿੰਮ ਚਲਾਈ ਜਾਵੇਗੀ। ਅਗਲੇ ਦਿਨਾਂ ਵਿੱਚ ਇਸ ਟੀਮ ਵਿੱਚ ਹੋਰ ਲੋਕ ਵੀ ਸ਼ਾਮਲ ਕੀਤੇ ਜਾਣਗੇ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

## ਕੇਂਦਰ ਵਲੋਂ ਪੰਜਾਬ ਤੋਂ ਹੋਣ ਵਾਲੀ ਚੌਲਾਂ ਦੀ ਡਿਲੀਵਰੀ ਰੋਕੀ, ਪੰਜਾਬ ਨਾਰਾਜ਼



ਚੰਡੀਗੜ੍ਹ, 9 ਜੂਨ (ਪੋਸਟ ਬਿਊਰੋ)- ਕੇਂਦਰ ਸਰਕਾਰ ਨੇ ਅਕਤੂਬਰ 2020 ਵਿੱਚ ਖਰੀਦੇ ਗਏ 202 ਲੱਖ ਟਨ ਝੋਨੇ ਤੋਂ ਬਣਨ ਵਾਲੇ ਚੌਲਾਂ ਦੀ ਡਿਲੀਵਰੀ ਰੋਕ ਦਿੱਤੀ ਹੈ। ਪੰਜਾਬ ਸਰਕਾਰ ਨੇ ਅਜੇ ਤੱਕ 112 ਲੱਖ ਟਨ ਚੌਲ ਹੀ ਦਿੱਤਾ ਹੈ, ਜਦ ਕਿ ਬਾਕੀ ਦੀ ਡਿਲੀਵਰੀ ਅਜੇ ਬਾਕੀ ਹੈ ਅਤੇ ਇਸ ਦੌਰਾਨ ਨਾਰਾਜ਼ਗੀ ਸ਼ੁਰੂ ਹੋ ਗਈ ਹੈ।

ਪਤਾ ਲੱਗਾ ਹੈ ਕਿ ਐਫ ਸੀ ਆਈ ਨੇ ਵੈਰੀਫਿਕੇਸ਼ਨ ਦੇ ਬਹਾਨ ਨਾਲ ਡਿਲੀਵਰੀ ਲੈਣ ਤੋਂ ਰੋਕ ਦਿੱਤੀ ਹੈ। ਕੇਂਦਰ ਸਰਕਾਰ ਦੇ ਇਸ ਕਦਮ ਨਾਲ ਪੰਜਾਬ ਦੇ ਖੁਰਾਕ ਅਤੇ ਸਪਲਾਈ ਮੰਤਰੀ ਭਾਰਤ ਭੂਸ਼ਣ ਆਸ਼ੂ ਨੇ ਨਾਰਾਜ਼ਗੀ ਪ੍ਰਗਟਕਰਦੇ ਹੋਏ ਕੇਂਦਰੀ ਖੁਰਾਕ ਅਤੇ ਸਪਲਾਈ ਮੰਤਰੀ ਪਿਊਸ਼ ਗੋਇਲ ਨੂੰ ਪੱਤਰ ਲਿਖ ਕੇ ਰੋਕ ਹਟਾਉਣ ਦੀ ਮੰਗ ਕੀਤੀ ਹੈ। ਆਸ਼ੂ ਨੇ ਪੱਤਰ ਵਿੱਚ ਕਿਹਾ ਕਿ ਕਦੇ ਵੈਰੀਫਿਕੇਸ਼ਨ ਦੇ ਨਾਂਅ ਉੱਤੇ ਅਤੇ ਕਦੇ ਫੋਰਟੀਫਾਈਡ ਚੌਲ ਲੈਣ ਦੇ ਨਾਂਅ ਉੱਤੇ ਮਿਲਿੰਗ ਉਤੇ ਰੋਕ ਲਾਈ ਜਾ ਰਹੀ ਹੈ, ਜਿਸ ਕਾਰਨ ਜੂਨ ਸ਼ੁਰੂ ਹੋਣ ਦੇ ਬਾਵਜੂਦ ਮਿਲਰਜ਼ ਐਫ ਸੀ ਆਈ ਨੂੰ ਪੂਰੀ ਡਿਲੀਵਰੀ ਨਹੀਂ ਦੇ ਸਕੇ। ਆਸ਼ੂ ਨੇ ਕਿਹਾ ਕਿ ਅਗਲੇ ਹਫਤੇ ਉਹ ਪਿਊਸ਼ ਗੋਇਲ ਨੂੰ ਮਿਲਣ ਦਿੱਲੀ ਵੀ ਜਾਣਗੇ।

ਪੰਜਾਬ ਤੋਂ ਸੁਸਤ ਢੁਆਈ ਦੇ ਕਾਰਨ ਇਸ ਰਾਜ ਨੂੰ ਸਟੋਰੇਜ ਦੀ ਕਮੀ ਨਾਲ ਜੂਝਣਾ ਤੇ ਸਟਾਕ ਰੱਖਣਾ ਮੁਸ਼ਕਲ ਹੋ ਰਿਹਾ ਅਤੇ ਇਸ ਦਾ ਅਸਰ ਮਿਲਿੰਗ ਉੱਤੇ ਪੈ ਰਿਹਾ ਹੈ। ਝੋਨੇ ਦੀ ਸ਼ੈਲਫ ਲਾਈਫ ਘੱਟ ਹੋਣ ਦੇ ਕਾਰਨ ਇਸ ਦੇ ਖਰਾਬ ਹੋਣ ਦੀਆਂ ਸੰਭਾਵਨਾਵਾਂ ਵਧ ਗਈਆਂ ਹਨ। ਮਿਲਿੰਗ ਜਲਦੀ ਪੂਰੀ ਨਾ ਕਰਵਾਈ ਤਾਂ ਦਿੱਕਤ ਆਏਗੀ ਅਤੇ ਦਾਣਾ ਟੁੱਟਣ ਅਤੇ ਝੋਨੇ ਦੇ ਬਦਰੰਗ ਹੋਣ ਦੀਆਂ ਸੰਭਾਵਨਾਵਾਂ ਵਧ ਜਾਣਗੀਆਂ।

ਵਰਕਰ ਦੀ ਲੋੜ

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਵਰਕਰ ਦੀ ਜ਼ਰੂਰਤ ਹੈ Dundas ਅਤੇ Hwy 27 ਦਾ ਏਰੀਆ, $16/hr ਦਿੱਤੇ ਜਾਣਗੇ, Full Time/Part Time ਕੰਮ।

ਸੰਪਰਕ: 416-816-1695

# ਕੋਰੋਨਾ ਦੇ ਕਾਰਨ ਯਤੀਮ ਹੋ ਗਏ ਬੱਚਿਆਂ ਨੂੰ ਗ਼ੈਰ-ਕਾਨੂੰਨੀ ਗੋਦ ਲੈਣ ਵਾਲੇ ਲੋਕਾਂ ਉੱਤੇ ਸਖ਼ਤ ਕਾਰਵਾਈ

ਨਵੀਂ ਦਿੱਲੀ, 9 ਜੂਨ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਕੋਵਿਡ-19 ਦੀ ਮਹਾਮਾਰੀ ਦੌਰਾਨ ਯਤੀਮ ਹੋ ਗਏ ਬੱਚਿਆਂ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਗੋਦ ਲੈਣ ਵਿੱਚ ਸ਼ਾਮਲ ਗ਼ੈਰ-ਸਰਕਾਰੀ ਸੰਗਠਨਾਂ ਅਤੇ ਲੋਕਾਂ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਹਦਾਇਤ ਦਿੱਤੀ ਹੈ।

ਰਾਸ਼ਟਰੀ ਬਾਲ ਅਧਿਕਾਰ ਸਰਪ੍ਰਸਤੀ ਕਮਿਸ਼ਨ (ਐਨ ਸੀ ਪੀ ਸੀ ਆਰ) ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਪੰਜ ਜੂਨ ਤਕ ਵੱਖ-ਵੱਖ ਰਾਜਾਂ ਵੱਲੋਂ ਦਿੱਤੇ ਅੰਕੜਿਆਂ ਅਨੁਸਾਰ 30,071 ਬੱਚੇ ਯਤੀਮ ਹੋਏ ਹਨ। ਇਨ੍ਹਾਂ ਵਿੱਚੋਂ ਬਹੁਤੇ ਬੱਚੇ ਮਹਾਮਾਰੀ ਕਾਰਨ ਮਾਪਿਆਂ ਜਾਂ ਹੋਰ ਸਰਪ੍ਰਸਤਾਂ ਦੇ ਗੁਜ਼ਰਨ ਜਾਂ ਛੱਡ ਦਿੱਤੇ ਜਾਣ ਕਾਰਨ ਬੇਸਹਾਰਾ ਹੋਏ ਹਨ। ਸੁਪਰੀਮ ਕੋਰਟ ਨੇ ਸਰਪ੍ਰਸਤਾਂ ਨੂੰ ਗੁਆ ਚੁੱਕੇ ਜਾਂ ਬੇਸਹਾਰਾ, ਯਤੀਮ ਬੱਚਿਆਂ ਦੀ ਦੇਖਭਾਲ ਅਤੇ ਸੁਰੱਖਿਆ ਲਈ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਇਨ੍ਹਾਂ ਬੱਚਿਆਂ ਨੂੰ ਗੋਦ ਲੈਣ ਦਾ ਸੱਦਾ ਦੇਣਾ ਕਾਨੂੰਨ ਦੇ ਉਲਟ ਹੈ, ਕਿਉਂਕਿ ਕੇਂਦਰੀ ਅਡਾਪਸ਼ਨ ਰਿਸੋਰਸ ਅਥਾਰਟੀ ਦੀ ਜਾਣਕਾਰੀ ਤੋਂ ਬਿਨਾਂ ਗੋਦ ਲੈਣ ਦੀ ਮਨਜ਼ੂਰੀ ਨਹੀਂ ਹੈ। ਜਸਟਿਸ ਐਲ ਐਨ ਰਾਓਅਤੇ ਜਸਟਿਸ ਅਨਿਰੁੱਧ ਬੋਸ ਦੀ ਬੈਂਚ ਨੇ ਬਾਲ ਕਲਿਆਣ ਕਮੇਟੀ (ਸੀ ਡਬਲਯੂ ਸੀ) ਨੂੰ ਪ੍ਰਭਾਵਤ ਬੱਚਿਆਂ ਨੂੰ ਭੋਜਨ, ਦਵਾਈ, ਕੱਪੜੇ ਅਤੇ ਉਨ੍ਹਾਂ ਦੀਆਂ ਹੋਰ ਲੋੜਾਂ ਪੂਰੀਆਂ ਕਰਨ ਅਤੇ ਰਾਜਾਂ ਵਿੱਚ ਅਜਿਹੇ ਬੱਚਿਆਂ ਨੂੰ ਪੜ੍ਹਾਈ ਜਾਰੀ ਰੱਖਣ ਲਈ ਵਿਵਸਥਾ ਕਰਨ ਦੀ ਹਦਾਇਤ ਦਿੱਤੀ ਹੈ। ਅਦਾਲਤ ਨੇ ਕੋਵਿਡ-19 ਕਾਰਨ ਯਤੀਮ ਹੋਏ ਬੱਚਿਆਂ ਲਈ ਪਿੱਛੇ ਜਿਹੇ ਸ਼ੁਰੂ ਹੋਏ 'ਪੀ ਐਮ-ਕੇਅਰਸ ਫਾਰ ਚਿਲਡਰਨ' ਯੋਜਨਾ ਦੇ ਵੇਰਵੇ ਸਬੰਧੀ ਕੇਂਦਰ ਨੂੰ ਚਾਰ ਹਫ਼ਤਿਆਂ ਅੰਦਰ ਇੱਕ ਐਫੀਡੇਵਿਟ ਦਾਖਲ ਕਰਨ ਦਾ ਸਮਾਂ ਦਿੱਤਾ ਹੈ, ਜਿਸ ਦੇ ਬਾਅਦ ਕੋਈ ਫੈਸਲਾ ਕੀਤਾ ਜਾਵੇਗਾ।

# ਘੱਗਰ ਨਦੀ ਵਿੱਚ ਪ੍ਰਦੂਸ਼ਣ ਬਾਰੇ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਚੰਡੀਗੜ੍ਹ ਦੀ ਖਿਚਾਈ



ਨਵੀਂ ਦਿੱਲੀ, 9 ਜੂਨ (ਪੋਸਟ ਬਿਊਰੋ)- ਨੈਸ਼ਨਲ ਗਰੀਨ ਟ੍ਰਿਬਿਊਨਲ (ਐਨ ਜੀ ਟੀ) ਨੇ ਘੱਗਰ ਦਰਿਆ ਨੂੰ ਪ੍ਰਦੂਸ਼ਤ ਕਰਨ ਲਈ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਪ੍ਰਸ਼ਾਸਨ ਦੀ ਖਿਚਾਈ ਕੀਤੀ ਹੈ।


ਐਨ ਜੀ ਟੀ ਨੇ ਕਿਹਾ ਹੈ ਕਿ ਜੇ ਸੂਬੇ ਖੁਦ ਕਾਨੂੰਨ ਲਾਗੂ ਕਰਨ ਵਿੱਚ ਨਾਕਾਮ ਰਹਿਣ ਤਾਂ ਇਹ ਸਿਸਟਮ ਦੇ ਟੁੱਟਣ ਤੋਂ ਇਲਾਵਾ ਹੋਰ ਕੁਝ ਨਹੀਂ ਹੈ।ਬਨੂੜ ਦੀ ਸਮਾਜਕ ਕਾਰਕੁਨ ਅਤੇ ਵਕੀਲ ਸੁਨੈਨਾ ਬੰਮਣ ਨੇ ਐਨ ਜੀ ਟੀ ਕੋਲ ਪਟੀਸ਼ਨ ਦਾਇਰ ਕੀਤੀ ਸੀ, ਜਿਸ ਉੱਤੇ ਐਨ ਜੀ ਟੀ ਦੇ ਚੇਅਰਮੈਨ ਜਸਟਿਸ ਆਦਰਸ਼ ਕੁਮਾਰ ਗੋਇਲ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਤਿੰਨੇ ਰਾਜਪੰਜਾਬ, ਹਰਿਆਣਾ, ਹਿਮਾ-ਚਲ ਪ੍ਰਦੇਸ਼ ਅਤੇ ਚੰਡੀਗੜ੍ਹ ਜਲ ਪ੍ਰਦੂਸ਼ਣ ਕਰ ਰਹੇ ਹਨ, ਜਿਹੜਾ ਕਿ ਇੱਕ ਅਪਰਾਧ ਹੈ। ਇਹ ਮਹਿਸੂਸ ਹੁੰਦਾ ਹੈ ਕਿ ਇਨ੍ਹਾਂ ਨੂੰ ਨਾ ਕਾਨੂੰਨ ਦੀ ਪ੍ਰਵਾਹ ਹੈ ਅਤੇ ਨਾ ਵਾਤਾਵਰਣ ਅਤੇ ਲੋਕਾਂ ਦੀ ਸਿਹਤ ਦੀ ਚਿੰਤਾ ਹੈ। ਟ੍ਰਿਬਿਊਨਲ ਨੇ ਚੀਫ ਸੈਕਟਰੀ ਪੰਜਾਬ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਦੇ ਸਲਾਹਕਾਰ ਨੂੰ ਇਸ ਬਾਰੇ ਸਭ ਸਬੰਧਤ ਅਧਿਕਾਰੀਆਂ ਨਾਲ ਤਾਲਮੇਲ ਕਰ ਕੇ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਮੁਤਾਬਕ ਉਚਿਤ ਕਦਮ ਚੁੱਕਣ ਲਈ ਕਿਹਾ ਅਤੇ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀ ਪੀ ਸੀ ਬੀ)ਅਤੇ ਚੰਡੀਗੜ੍ਹ ਦੀ ਪ੍ਰਦੂਸ਼ਣ ਕੰਟਰੋਲ ਕਮੇਟੀ ਦੀ ਸਾਂਝੀ ਕਮੇਟੀ ਨੂੰ ਡ੍ਰੇਨ ਦਾ ਨਿਰੀਖਣ ਕਰ ਕੇ ਈਮੇਲ ਰਾਹੀਂ ਦੋ ਮਹੀਨੇ ਵਿੱਚ ਸਥਿਤੀ ਰਿਪੋਰਟ ਪੇਸ਼ ਕਰਨ ਨੂੰ ਕਿਹਾ ਹੈ। ਇਸ ਦੇ ਨਾਲ ਹੀ ਐਨ ਜੀ ਟੀ ਨੇ ਕਿਹਾ ਕਿ ਜਿਹੜੇ ਲੋਕ ਕਾਨੂੰਨ ਦੀ ਪਾਲਣਾ ਨਹੀਂ ਕਰਦੇ, ਉਨ੍ਹਾਂ ਖਿਲਾਫ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ। ਇਸ ਕੇਸ ਦੀ ਅਗਲੀ ਸੁਣਵਾਈ 22 ਸਤੰਬਰ ਨੂੰ ਹੋਵੇਗੀ।

# ਮੈਗੀ ਸਮੇਤ ਨੈਸਲੇ ਦੇ 60 ਫ਼ੀਸਦੀ ਉਤਪਾਦ ਸਿਹਤਮੰਦ ਮੰਨਣ ਯੋਗ ਨਹੀਂ ਨਿਕਲੇ

ਨਵੀਂ ਦਿੱਲੀ, 9 ਜੂਨ (ਪੋਸਟ ਬਿਊਰੋ)- ਸੰਸਾਰ ਦੀਆਂ ਸਭ ਤੋਂ ਵੱਡੀ ਫੂਡ ਐਂਡ ਡ੍ਰਿੰਕ ਕੰਪਨੀਆਂ ਵਿੱਚੋਂ ਗਿਣੀ ਜਾ ਰਹੀ ਨੈਸਲੇ ਕੰਪਨੀ ਇਹਨੀਂ ਦਿਨੀਂ ਇੱਕ ਵਾਰ ਫਿਰ ਚਰਚਾ ਵਿੱਚ ਆ ਗਈ ਹੈ। ਪਿੱਛੇ ਜਿਹੇ ਆਈ ਇੱਕ ਰਿਪੋਰਟ ਅਨੁਸਾਰ ਮੈਗੀ ਸਮੇਤ ਨੈਸਲੇ ਦੇ 60 ਫ਼ੀਸਦੀ ਉਤਪਾਦ ਸਿਹਤਮੰਦ ਨਹੀਂ ਹਨ ਤੇ ਨੈਸਲੇ ਨੇ ਖੁਦ ਮੰਨਿਆ ਹੈ ਕਿ ਉਸਦੇ ਗਲੋਬਲ ਪ੍ਰੋਡਕਟ ਪੋਰਟਫੋਲੀਓ ਵਿੱਚ ਸ਼ਾਮਲ 30 ਫ਼ੀਸਦੀ ਉਤਪਾਦ 'ਗ਼ੈਰ-ਸਿਹਤਮੰਦ' ਹਨ। ਇਸ ਕੰਪਨੀ ਦੇ ਇਹ ਉਤਪਾਦ ਵੱਖ-ਵੱਖ ਦੇਸ਼ਾਂ ਦੇ ਸਖ਼ਤ ਸਿਹਤ ਸਟੈਂਡਰਡਜ਼ ਉਤੇ ਖਰੇ ਨਹੀਂ ਉਤਰੇ।

ਤਾਜ਼ਾ ਰਿਪੋਰਟ ਦੇ ਮੁਤਾਬਕ ਕੰਪਨੀ ਦੇ ਕੁਝ ਉਤਪਾਦ ਅਜਿਹੇ ਵੀ ਹਨ, ਜੋ ਪਹਿਲਾਂ ਸਿਹਤਮੰਦ ਨਹੀਂ ਸਨ ਅਤੇ ਉਨ੍ਹਾਂ ਨੂੰ ਸੁਧਾਰਨ ਤੋਂ ਬਾਅਦ ਵੀ ਗ਼ੈਰ-ਸਿਹਤਮੰਦ ਦੀ ਸ਼੍ਰੇਣੀ ਵਿੱਚ ਰਹੇ ਹਨ। ਕੰਪਨੀ ਦੇ ਬੁਲਾਰੇ ਨੇ ਕਿਹਾ ਕਿ 'ਕੰਪਨੀ ਗਾਹਕਾਂ ਦੀ ਸਿਹਤ ਦਾ ਧਿਆਨ ਰੱਖਦੀ ਹੈ।' ਅਗਲੇ ਕੁਝ ਦਿਨਾਂ ਵਿੱਚ ਕੰਪਨੀ ਗਾਹਕਾਂ ਨਾਲ ਆਪਣਾ ਤਾਲਮੇਲ ਵਧਾ ਰਹੀ ਹੈ।ਇਸ ਮਾਮਲੇ ਵਿੱਚ ਅੰਤਰਰਾਸ਼ਟਰੀ ਬੇਬੀ ਫੂਡ ਐਕਸ਼ਨ ਨੈਟਵਰਕ ਦੇ ਖੇਤਰੀ ਕੋਆਰਡੀਨੇਟਰ ਡਾ. ਅਰੁਣ ਗੁਪਤਾ ਨੇ ਕਿਹਾ ਕਿ ਨੈਸਲੇ ਆਪਣੇ ਉਤਪਾਦ ਉਤੇ ਇਹ ਜ਼ਿਕਰ ਕਿਉਂ ਨਹੀਂ ਕਰਦੀ ਕਿ ਉਹ ਸਿਹਤਮੰਦ ਹੈ ਜਾਂ ਗ਼ੈਰ-ਸਿਹਤਮੰਦ। ਦੁੱਧ ਤੋਂ ਬਿਨਾਂ ਕੋਈ ਵੀ ਦੋ ਹੋਰ ਉਤਪਾਦਾਂ ਵਾਲਾ ਭੋਜਨ ਅਲਟਰਾ ਪ੍ਰੋਸੈਸਡ ਹੁੰਦਾ ਹੈ।ਸੰਸਾਰ ਪੱਧਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਲਟਰਾ ਪ੍ਰੋਸੈਸਡ ਭੋਜਨ ਸਿਹਤ ਲਈ ਹਾਨੀਕਾਰਕ ਹੁੰਦਾ ਹੈ।

# ਅਮਰੀਕੀ ਸੁਪਰੀਮ ਕੋਰਟ ਵੱਲੋਂ ਕੱਚੇ ਪ੍ਰਵਾਸੀਆਂ ਖ਼ਿਲਾਫ਼ ਫ਼ੈਸਲਾ



ਸਾਨ ਫਰਾਂਸਿਸਕੋ, 9 ਜੂਨ (ਪੋਸਟ ਬਿਊਰੋ)- ਅਮਰੀਕੀ ਸੁਪਰੀਮ ਕੋਰਟ ਨੇ ਕੱਲ੍ਹ ਇੱਕ ਅਹਿਮ ਫ਼ੈਸਲਾਦੇਂਦਿਆਂ ਕਿਹਾ ਕਿ ਮਨੁੱਖੀ ਕਾਰਨਾਂ ਕਰਕੇ ਅਮਰੀਕਾ ਵਿਚ ਕੱਚੇ ਤੌਰ ਉੱਤੇ ਰਹਿ ਰਹੇ ਪ੍ਰਵਾਸੀ ਪੱਕੇ ਤੌਰ ਉੱਤੇ ਰਹਿਣ ਲਈ ਅਪਲਾਈ ਕਰਨ ਦੇ ਯੋਗ ਨਹੀਂ ਹਨ। ਇਸ ਫੈਸਲੇ ਨਾਲ ਹਲਚਲ ਮੱਚ ਗਈ ਹੈ।

ਜਸਟਿਸ ਐਲੇਨਾ ਕਾਗਨ ਨੇ ਫ਼ੈਸਲੇ ਵਿੱਚ ਲਿਖਿਆ ਕਿ ਫੈਡਰਲ ਇਮੀਗ੍ਰੇਸ਼ਨ ਕਾਨੂੰਨ ਗ਼ੈਰ-ਕਾਨੂੰਨੀ ਢੰਗ ਨਾਲ ਦੇਸ਼ ਵਿਚ ਦਾਖਲ ਹੋਣ ਵਾਲੇ ਲੋਕਾਂ ਨੂੰ ਪੱਕੇ ਹੋਣ ਦੀ ਇਜਾਜ਼ਤ ਨਹੀਂ ਦਿੰਦਾ ਤੇ 'ਟੈਂਪਰੇਰੀ ਪ੍ਰੋਟੈਕਟਿਡ ਸਟੇਟਸ' ਵਾਲਿਆਂ ਨੂੰ ਦੇਸ਼ ਵਿੱਚ ਸਥਾਈ ਤੌਰ ਉੱਤੇ ਰਹਿਣ ਲਈ 'ਗ੍ਰੀਨ ਕਾਰਡ' ਹਾਸਲ ਕਰਨ ਦੇ ਰਾਹ ਵਿੱਚ ਅੜਿਕਾ ਬਣਦਾ ਹੈ। ਜਿਹੜੇ ਲੋਕ ਯੁੱਧ ਜਾਂ ਤਬਾਹੀ ਵਾਲੇ ਦੇਸ਼ਾਂ ਤੋਂ ਆਉਂਦੇ ਹਨ, ਉਹ ਦੇਸ਼ ਨਿਕਾਲੇ ਤੋਂ ਬਚ ਜਾਣਗੇ ਅਤੇ ਉਨ੍ਹਾਂ ਨੂੰ ਅਮਰੀਕਾ ਵਿਚ ਕਾਨੂੰਨੀ ਤੌਰ ਉੱਤੇ ਰਹਿਣ ਅਤੇ ਕੰਮ ਕਰਨ ਦਾ ਅਧਿਕਾਰ ਮਿਲੇਗਾ। ਇਹੋ ਜਿਹੇ 12 ਦੇਸ਼ਾਂ ਤੋਂ ਆਏ ਲੱਗਭਗ ਚਾਰ ਲੱਖ ਲੋਕ ਹਨ, ਜਿਹੜੇ ਟੀ ਪੀ ਐਸ (ਟੈਂਪਰੇਰੀ ਪ੍ਰੋਟੈਕਟਡ ਸਟੇਟਸ) ਨਾਲ ਅਮਰੀਕਾ ਵਿੱਚ ਰਹਿ ਰਹੇ ਹਨ।

ਸਾਲ 1990 ਤੋਂ ਅਮਰੀਕਾ ਵਿੱਚ ਰਹਿ ਰਹੇ ਅਲ ਸਲਵਾਡੋਰ ਦੇ ਇੱਕ ਜੋੜੇ ਨਾਲ ਜੁੜੇ ਇਸ ਕੇਸ ਦੇ ਫ਼ੈਸਲੇ ਨੇ ਚਰਚਾ ਛੇੜ ਦਿੱਤੀ ਹੈ ਕਿ ਕੀ ਅਮਰੀਕਾ ਵਿੱਚ ਗ਼ੈਰ-ਕਾਨੂੰਨੀ ਤੌਰ ਉੱਤੇ ਦਾਖ਼ਲ ਹੋਣ ਅਤੇ ਮਨੁੱਖੀ ਕਾਰਨਾਂ ਕਰਕੇ ਰਹਿਣ ਵਾਲੇ ਲੋਕਾਂ ਨੂੰ ਕਦੇ ਪੱਕੇ ਤੌਰ ਉੱਤੇ ਰਹਿਣ ਦਾ ਅਧਿਕਾਰ ਦਿੱਤਾ ਗਿਆ ਸੀ? ਜਸਟਿਸ ਕਾਗਨ ਨੇ ਲਿਖਿਆ ਕਿ ਟੀ ਪੀ ਐਸ ਪ੍ਰੋਗਰਾਮ ਵਿਦੇਸ਼ੀ ਨਾਗਰਿਕਾਂ ਨੂੰ ਗ਼ੈਰ-ਪ੍ਰਵਾਸੀ ਰੁਤਬਾ ਦਿੰਦਾ ਹੈ, ਪਰ ਇਹ ਉਨ੍ਹਾਂ ਨੂੰ ਸਵੀਕਾਰ ਨਹੀਂ ਕਰਦਾ, ਜੋ ਗ਼ੈਰ-ਕਾਨੂੰਨੀ ਤੌਰ ਉੱਤੇ ਦਾਖ਼ਲ ਹੋਏ ਹਨ। ਕਾਗਨ ਨੇ ਕਿਹਾ ਕਿ ਉਪਰਲਾ ਸਦਨ ਪਹਿਲਾਂ ਹੀ ਕਾਨੂੰਨ ਪਾਸ ਕਰ ਚੁੱਕਾ ਹੈ, ਜਿਸ ਨਾਲ ਟੀ ਪੀ ਐਸ ਪ੍ਰਾਪਤ ਕਰਨ ਵਾਲਿਆਂ ਲਈ ਸਥਾਈ ਵਾਸੀ ਬਣਨਾ ਸੰਭਵ ਹੋ ਸਕਦਾ ਹੈ। ਕਾਗਨ ਨੇ ਨੋਟ ਕੀਤਾ ਕਿ ਬਿੱਲ ਨੂੰ ਸੈਨੇਟ ਵਿੱਚ ਅਣਕਿਆਸੀਆਂ ਸੰਭਾਵਨਾਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਾਗਨ ਨੇ ਕਿਹਾ ਕਿ ਅੱਜ ਦੇ ਫ਼ੈਸਲੇ ਦਾ ਟੀ ਪੀ ਐਸ ਵਾਲੇ ਪ੍ਰਵਾਸੀਆਂ ਉੱਤੇ ਕੋਈ ਪ੍ਰਭਾਵ ਨਹੀਂ ਪਵੇਗਾ, ਜਿਹੜੇ ਸ਼ੁਰੂ ਵਿੱਚ ਅਮਰੀਕਾ ਵਿੱਚ ਕਾਨੂੰਨੀ ਤੌਰ ਉੱਤੇ ਦਾਖ਼ਲ ਹੋਏ ਸਨ, ਭਾਵੇਂ ਉਨ੍ਹਾਂ ਦੇ ਵੀਜ਼ੇ ਦੀ ਮਿਆਦ ਮੁੱਕ ਚੁੱਕੀ ਹੈ, ਕਿਉਂਕਿ ਉਨ੍ਹਾਂ ਨੂੰ ਕਾਨੂੰਨੀ ਤੌਰ ਉੱਤੇ ਦੇਸ਼ ਵਿੱਚ ਦਾਖ਼ਲ ਕੀਤਾ ਗਿਆ ਸੀ ਤੇ ਬਾਅਦ ਵਿੱਚ ਉਨ੍ਹਾਂ ਨੂੰ ਮਨੁੱਖੀ ਸੁਰੱਖਿਆ ਦਿੱਤੀ ਗਈ ਸੀ, ਉਹ ਸਥਾਈ ਨਿਵਾਸੀ ਬਣਨ ਲਈ ਅਪਲਾਈ ਕਰਨ ਸਕਦੇ ਸਨ।

# ਪਾਕਿ ਦੇ ਸਿੰਧ ਦਰਿਆ ਵਿੱਚ ਵੈਨ ਡਿੱਗੀ, 16 ਪਰਵਾਰਕ ਮੈਂਬਰਾਂ ਸਣੇ 17 ਹਲਾਕ



ਇਸਲਾਮਾਬਾਦ, 9 ਜੂਨ (ਪੋਸਟ ਬਿਊਰੋ)- ਪਾਕਿਸਤਾਨ ਦੇ ਪਹਾੜੀ ਸੂਬੇ ਖੈਬਰ ਪਖਤੂਨਖਵਾ ਵਿੱਚ ਇੱਕ ਵੈਨ ਸਿੰਧ ਦਰਿਆ ਵਿੱਚ ਡਿੱਗਣ ਨਾਲ ਇੱਕ ਪਰਵਾਰ ਦੇ 16 ਮੈਂਬਰਾਂ ਸਣੇ ਸਾਰੇ 17 ਜਣਿਆਂ ਦੀ ਮੌਤ ਹੋ ਗਈ। 'ਡਾਅਨ' ਦੀ ਖਬਰ ਮੁਤਾਬਕ ਚਿਲਾਸ ਤੋਂ ਰਾਵਲਪਿੰਡੀ ਜਾਂਦੀ ਵੈਨ ਸੋਮਵਾਰ ਨੂੰ ਕੋਹਿਸਤਾਨ ਜ਼ਿਲ੍ਹੇ ਦੇ ਪਾਣੀਬਾ ਖੇਤਰ ਵਿੱਚ ਸਿੰਧ ਦਰਿਆ ਵਿੱਚ ਡਿੱਗ ਪਈ। ਪਰਵਾਰ ਨੇ ਯਾਤਰਾ ਲਈ ਨਿੱਜੀ ਵੈਨ ਕਿਰਾਏ ਉੱਤੇਲਈ ਸੀ। ਦਾਸੂ-ਕੋਹਿਸਤਾਨ ਕੰਟਰੋਲ ਰੂਮ ਦੇ ਅਧਿਕਾਰੀਆਂ ਨੇ ਦੱਸਿਆ ਕਿ ਵੈਨ ਡਰਾਈਵਰ ਤੋਂ ਇਲਾਵਾ 16 ਯਾਤਰੀ ਇੱਕੋ ਪਰਵਾਰ ਨਾਲ ਸਬੰਧਤ ਸਨ, ਜਿਨ੍ਹਾਂ ਵਿੱਚ ਔਰਤਾਂ ਅਤੇ ਬੱਚੇ ਸ਼ਾਮਲ ਸਨ। ਡਰਾਈਵਰ ਦੀ ਵੀ ਮੌਕੇ ਉੱਤੇ ਮੌਤ ਹੋ ਗਈ।

ਪੁਲਸ ਨੇ ਦੱਸਿਆ ਕਿ ਹਾਦਸਾ ਤਿੱਖੇ ਮੋੜ ਉੱਤੇ ਡਰਾਈਵਰ ਵੱਲੋਂ ਸੰਤੁਲਨ ਗੁਆ ਲੈਣ ਕਾਰਨ ਵਾਪ-ਰਆ ਅਤੇ ਵੈਨ ਸਿੰਧ ਦਰਿਆ ਵਿੱਚ ਡਿੱਗਦੇ ਸਾਰ ਡੁੱਬ ਗਈ। ਉਨ੍ਹਾਂ ਦੱਸਿਆ ਕਿ ਬਚਾਅ ਟੀਮਾਂ ਨੇ ਲਾਪਤਾ ਯਾਤਰੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ, ਪਰ ਦਰਿਆ ਦਾ ਘੇਰਾ ਵੱਡਾ ਅਤੇ ਪਾਣੀ ਡੂੰਘਾ ਹੋਣ ਕਾਰਨ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਗਿਲਗਿਤ-ਬਾਲਿਤਸਤਾਨ ਦੇ ਮੁੱਖ ਮੰਤਰੀ ਖਾਲਿਦ ਖੁਰਸ਼ੀਦ ਨੇ ਹਾਦਸੇ ਪ੍ਰਤੀ ਦੁੱਖ ਪ੍ਰਗਟ ਕੀਤਾ ਤੇ ਪ੍ਰਸ਼ਾਸਨ ਨੂੰ ਪੀੜਤਾਂ ਦੀ ਭਾਲ ਲਈ, ਹਰ ਸੰਭਵ ਮਦਦ ਦੇ ਹੁਕਮ ਦਿੱਤੇ।

# ਧੋਖਾਧੜੀ ਦੇ ਦੋਸ਼ ਵਿਚ ਮਹਾਤਮਾ ਗਾਂਧੀ ਦੀ ਪੜਪੋਤੀ ਨੂੰ ਸੱਤ ਸਾਲ ਦੀ ਜੇਲ੍ਹ



ਜੋਹਨਸਬਰਗ, 9 ਜੂਨ (ਪੋਸਟ ਬਿਊਰੋ)- ਡਰਬਨ ਦੀ ਇੱਕ ਕੋਰਟ ਨੇ ਮਹਾਤਮਾ ਗਾਂਧੀ ਦੀ ਪੜਪੋਤੀ ਨੂੰ ਸੱਠ ਲੱਖ ਰੈਂਡ ਦੀ ਧੋਖਾਧੜੀ ਅਤੇ ਜਾਲਸਾਜ਼ੀ ਦੇ ਦੋਸ਼ ਵਿੱਚ ਸੱਤ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ।

ਆਸ਼ੀਸ਼ ਲਤਾ ਰਾਮਗੋਬਿਨ (56) ਨੂੰ ਸੋਮਵਾਰ ਕੋਰਟ ਇਹ ਸਜ਼ਾ ਸੁਣਾਈ। ਉਸ ਉੱਤੇ ਉਦਯੋਗਪਤੀ ਐਸ ਆਰ ਮਹਾਰਾਜ ਨਾਲ ਧੋਖਾਧੜੀ ਦਾ ਦੋਸ਼ ਹੈ। ਮਹਾਰਾਜ ਨੇ ਉਨ੍ਹਾਂ ਨੂੰ ਭਾਰਤ ਤੋਂ ਇੱਕ ਅਜਿਹੀ ਖੇਪ ਦੇ ਖਰੀਦਣ ਅਤੇ ਸਰਹੱਦੀ ਟੈਕਸ ਕਲੀਅਰ ਕਰਾਉਣ ਲਈ 62 ਲੱਖ ਰੈਂਡ ਦਿੱਤੇ ਸਨ, ਜਿਸ ਦਾ ਕੋਈ ਸਬੂਤ ਨਹੀਂ ਸੀ। ਇਸ ਵਿੱਚ ਉਨ੍ਹਾਂ ਨੂੰ ਲਾਭ ਦਾ ਇੱਕ ਹਿੱਸਾ ਦੇਣ ਦਾ ਵਾਅਦਾ ਕੀਤਾ ਗਿਆ ਸੀ। ਲਤਾ ਰਾਮੋਗਬਿਨ ਪ੍ਰਸਿੱਧ ਮਨੁੱਖੀ ਅਧਿਕਾਰ ਵਰਕਰ ਇਲਾ ਗਾਂਧੀ ਤੇ ਮਰਹੂਮ ਮੇਵਾ ਰਾਮ-ਗੋਬਿਨ ਦੀ ਔਲਾਦ ਹੈ। ਸਾਲ 2015 ਵਿੱਚ ਜਦ ਲਤਾ ਰਾਮਗੋਬਿਨ ਦੇ ਖਿਲਾਫ ਸੁਣਵਾਈ ਹੋਈ, ਤਦ ਸਰਕਾਰੀ ਵਕੀਲ ਅਥਾਰਟੀ (ਐਨ ਪੀ ਏ) ਬ੍ਰਿਗੇਡੀਅਰ ਹੰਗਵਾਨੀ ਮੂਲੋਦਜੀ ਨੇ ਇਹ ਕਿਹਾ ਸੀ ਕਿ ਉਨ੍ਹਾਂ ਨੇ ਸੰਭਾਵੀ ਨਿਵੇਸ਼ਕਾਂ ਨੂੰ ਯਕੀਨ ਦਿਵਾਉਣ ਲਈ ਫਰਜ਼ੀ ਚਲਾਨ ਅਤੇ ਕਾਗਜ਼ ਦਿੱਤੇ ਸਨ ਕਿ ਭਾਰਤ ਤੋਂ ਲੀਨਨ ਦੇ ਤਿੰਨ ਕੰਟੇਨਰ ਆ ਰਹੇ ਹਨ। ਓਦੋਂ ਲਤਾ ਰਾਮਗੋਬਿਨ ਨੇ 'ਨਿਊ ਅਫਰੀਕਾ ਅਲਾਇੰਸ ਫੁਟਵੇਅਰ ਡਿਸਟ੍ਰੀਬਿਊਟਰਸ' ਦੇ ਡਾਇਰੈਕਟਰ ਮਹਾਰਾਜ ਨੂੰ ਅਗਸਤ 2015 ਵਿੱਚ ਮਿਲੀ ਸੀ। ਇਹ ਕੰਪਨੀ ਕੱਪੜਿਆਂ, ਲੀਨਨ ਅਤੇ ਬੂਟ-ਚੱਪਲਾਂ ਦਾ ਐਕਸਪੋਰਟ, ਨਿਰਮਾਣ ਅਤੇ ਵਿਕਰੀ ਕਰਦੀ ਹੈ।ਮਹਾਰਾਜ ਦੀ ਕੰਪਨੀ ਲਾਭ ਦੇ ਆਧਾਰ ਉੱਤੇ ਦੂਸਰੀਆਂ ਕੰਪਨੀਆਂ ਨੂੰ ਵਿੱਤੀ ਮਦਦ ਵੀ ਦੇਂਦੀ ਹੈ। ਲਤਾ ਰਾਮ-ਗੋਬਿਨ ਨੇ ਮਹਾਰਾਜ ਨੂੰ ਕਿਹਾ ਸੀ ਕਿ ਉਨ੍ਹਾਂ ਨੇ 'ਸਾਊਥ ਅਫਰੀਕਨ ਹਸਪਤਾਲ ਗਰੁੱਪ ਨੈਟ ਕੇਅਰ' ਲਈ ਲੀਨਨ ਦੇ ਤਿੰਨ ਕੰਟੇਨਰ ਮੰਗਵਾਏ ਹਨ। ਰਾਮਗੋਬਿਨ ਦੇ ਪਰਵਾਰ ਤੇ ਨੈਟ ਕੇਅਰ ਦੇ ਦਸਤਾਵੇਜ਼ ਦੇ ਕਾਰਨ ਮਹਾਰਾਜ ਨੇ ਕਰਜ਼ੇ ਦੇ ਲਈ ਉਨ੍ਹਾਂ ਨਾਲ ਲਿਖਤੀ ਸਮਝੌਤਾ ਕਰ ਲਿਆ, ਪਰ ਬਾਅਦ ਵਿੱਚ ਜਦ ਉਨ੍ਹਾਂ ਨੂੰ ਫਰਜ਼ੀਵਾੜੇ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਲਤਾ ਦੇ ਖਿਲਾਫ ਅਪਰਾਧਕ ਮਾਮਲਾ ਦਰਜ ਕਰਾਇਆ।





ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ
ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ
4165618882, 4164544587

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ

ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202


WWW.KULWINDERCHHINA.COM

MULTI AWARD WINNER
REALTOR
KULWINDERCHHINA
BROKER
647.293.2327

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ

ਹਰਜੀਤ ਧਨੋਆ
416.230.4000 • 647.409.1092
www.STARLANEPAINTING.com


## ਪੀਜ਼ਾ ਡਿਲੀਵਰੀ ਡਰਾਇਵਰਾਂ ਦੀ ਲੋੜ

MAPLE ਵਿਚ ਇਕ ਬਿਜ਼ੀ ਪੀਜ਼ਾ ਸਟੋਰ ਲਈ ਡਿਲੀਵਰੀ ਡਰਾਇਵਰਾਂ ਦੀ ਤੁਰੰਤ ਲੋੜ ਹੈ। ਇਹ ਫੁਲ ਟਾਈਮ ਜੌਬ ਹੈ। ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਸਟੋਰ ਅੰਦਰ ਕੰਮ ਕਰਨ ਵਾਸਤੇ ਲੇਡੀ ਵਰਕਰਾਂ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ 11 ਵਜੇ ਤੋਂ ਲੈ ਕੇ ਸ਼ਾਮ 8 ਵਜੇ ਤੱਕ ਫੋਨ ਕਰ ਸਕਦੇ ਹੋ।

**ਸੰਪਰਕ: 6477043799, 6477059736**


ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ, ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)



Marriage

## Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5’’8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6’2’’, ਜੋ ਕਿ ਆਸਟ੍ਰੇਲੀਆ ’ਚ ਸਟੱਡੀ ਵੀਜ਼ੇ ’ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ ’ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ ’ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5’11’’ ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5’10’’, Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6’ tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)


Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਪੰਜਾਬੀ ਪੋਸਟ


## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9’’, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5’9’’ ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ ’ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰ੍ਹੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5’8’’, ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5’8’’, ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5’11’,ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5’11’’, ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5’7’’, ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜ਼ਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਇਕਲੌਤਾ ਲੜਕਾ ਅਰੋੜਾ ਖੱਤਰੀ ਸਿੰਘ, ਵੈਸ਼ਨੂੰ ਪਰਿਵਾਰ, ਪੂਰਨ ਗੁਰ ਸਿੱਖ, ਉਮਰ 24 ਸਾਲ, ਕੱਦ 5 ਫੁਟ 7 ਇੰਚ, ਇੰਗਲੈਂਡ ਦਾ ਚਾਰ ਸਾਲ ਦਾ ਸਟੱਡੀ ਵੀਜ਼ਾ ਮਿਲਿਆ ਹੋਇਆ ਹੈ, ਲਈ ਲੜਕੀ ਦੀ ਲੋੜ ਹੈ। ਮਾਤਾ ਆਸਟ੍ਰੇਲੀਆ ਵਿਚ ਨੈਨੀ ਬੇਸ ’ਤੇ ਗਈ ਹੈ, 2 ਸਾਲ ਦਾ ਵਰਕ ਪਰਮਿਟ। ਪਿਤਾ ਕਰੰਸੀ ਬਦਲੀ ਦਾ ਕੰਮ ਕਰਦਾ ਹੈ, ਪੰਜ ਦੁਕਾਨਾਂ ਕਿਰਾਏ ਉਤੇ ਹਨ, ਰੋਜ਼ ਦੀ 5000 ਆਮਦਨ। ਮੋਗਾ ਇਲਾਕੇ ਨੂੰ ਪਹਿਲ। ਸੰਪਰਕ : ਕੈਪਟਨ ਇਕਬਾਲ ਸਿੰਘ 647-631-9445


Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਪੰਜਾਬੀ ਪੋਸਟ


## ਲੜਕੇ ਦੀ ਲੋੜ

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2’’ ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ ’ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5’-4’’, Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5’3’’, ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772



UPPAL LAW
AVTAR UPPAL
Manager
IMMIGRATION SERVICES
✱ Visitor Visa
✱ Super Visa
✱ Study,Work,Visitor Extension Visa
✱ Spousal Applications
✱ Family Sponsorship
✱ Permanent Residence Card Renewal
✱ Citizenship Application
✱ All Invitation Letters
OTHER PRACTICES
✱ Criminal Law
✱ Family Law
✱ Power of Attorney
✱ Change of Name
✱ Notarization
✱ Travel Consent
✱ Affidavit
✱ Landlord and Tenant Matters

AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY


WANTED
Panjabi Nannies, Caregivers, Cleaning ladies and Cooks for GTA. Please contact at the earliest at: 416-275-7010


A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

